Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 109 | 04/09/2025 | www.samajweekly.com | samajweekly | @samajweekly | samajweekly

# ਪੰਜਾਬ ਆਪਦਾ ਪ੍ਰਭਾਵਿਤ ਰਾਜ ਘੋਸ਼ਿਤ

## ਪੰਜਾਬ ਦੇ 1400 ਤੋਂ ਵੱਧ ਪਿੰਡ ਹੜ੍ਹਾਂ ਦੀ ਲਪੇਟ ਵਿੱਚ ਆਏ, 30 ਵਿਅਕਤੀਆਂ ਦੀ ਹੋ ਚੁੱਕੀ ਹੈ ਮੌਤ

**ਚੰਡੀਗੜ੍ਹ ।** ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਦੇ ਨਾਲ ਨਾਲ ਪੰਜਾਬ ਦੇ ਮੈਦਾਨੀ ਇਲਾਕੇ ਵਿੱਚ ਵੀ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਹ ਕਰਕੇ ਸਮੁੱਚਾ ਪੰਜਾਬ ਹੜ੍ਹਾਂ ਦੀ ਲਪੇਟ ਵਿੱਚ ਆ ਚੁੱਕਾ ਹੈ। ਪੰਜਾਬ ਦੇ 23 ਜ਼ਿਲ੍ਹਿਆਂ ਦੇ 1400 ਤੋਂ ਵੱਧ ਪਿੰਡ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਅਤੇ ਸਥਿਤੀ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਅਜਿਹੇ ਹਾਲਾਤ ਨੂੰ ਵੇਖਦਿਆਂ ਪੰਜਾਬ ਸਰਕਾਰ ਨੇ ਪੂਰੇ ਸੂਬੇ ਨੂੰ ਆਫਤ ਪ੍ਰਭਾਵੀ ਸੂਬਾ ਐਲਾਨ ਦਿੱਤਾ ਹੈ। ਇਸ ਦੇ ਨਾਲ ਹੀ ਰਾਹਤ ਕਾਰਜ ਹੋਰ ਤੇਜ਼ ਕਰ ਦਿੱਤੇ ਹਨ। ਪੰਜਾਬ ਵਿੱਚ ਪਿਛਲੇ ਤਿੰਨ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਕਰਕੇ ਸੂਬੇ ਦੇ ਦਰਜਨਾਂ ਸ਼ਹਿਰ ਜਲਥਲ ਹੋਏ



**ਡੈਮ ਭਰੇ ਨੱਕੋ-ਨੱਕ, ਘੱਗਰ 'ਆਊਟ ਆਫ਼ ਕੰਟਰੋਲ'**
**ਸ਼ਿਵਰਾਜ ਚੌਹਾਨ ਭਲਕੇ ਕਰਨਗੇ ਪੰਜਾਬ ਦਾ ਦੌਰਾ**

ਪਏ ਹਨ। ਇਸ ਦੇ ਨਾਲ ਹੀ ਹਿਮਾਚਲ ਦੀਆਂ ਪਹਾੜੀਆਂ ਵਿੱਚੋਂ ਆ ਰਹੇ ਪਾਣੀ ਕਰਕੇ ਰਾਵੀ ਅਤੇ ਬਿਆਸ ਤੋਂ ਬਾਅਦ ਸਤਲੁਜ ਦਰਿਆ ਵਿੱਚ ਵੀ ਪਾਣੀ ਦਾ ਪੱਧਰ ਵਧਣਾ ਸ਼ੁਰੂ ਹੋ ਗਿਆ ਹੈ। ਦੂਜੇ ਪਾਸੇ ਘੱਗਰ ਨਦੀ ਵਿੱਚ ਵੀ ਪਾਣੀ ਦਾ ਪੱਧਰ ਲਗਾਤਾਰ ਵਧਦਾ ਜਾ ਰਿਹਾ ਹੈ। ਸਤਲੁਜ ਅਤੇ ਘੱਗਰ ਨਦੀ ਵਿੱਚ ਪਾਣੀ ਵਧਣ ਕਰਕੇ ਮਾਲਵਾ ਖਿੱਤੇ ਦੇ ਲੋਕਾਂ ਦੇ ਮਨਾਂ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਲੋਕ ਵਾਰੋ ਵਾਰੀ ਸਤਲੁਜ ਤੇ ਘੱਗਰ ਦਰਿਆ ਦੇ ਕੰਢੇ ਜਾ ਜਾ ਕੇ ਪਾਣੀ ਦੇ ਪੱਧਰ 'ਤੇ ਨਜ਼ਰ ਮਾਰ ਰਹੇ ਹਨ ਉਥੇ ਹੀ ਸਥਾਨਕ ਪ੍ਰਸ਼ਾਸਨ ਵੱਲੋਂ ਵੀ 24 ਘੰਟੇ ਪਾਣੀ ਦੇ ਪੱਧਰ 'ਤੇ ਨਜ਼ਰ ਰੱਖੀ ਜਾ ਰਹੀ ਹੈ।

# ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ ਵਿੱਚ ਮੀਂਹ ਨੇ ਲਈਆਂ 10 ਜਾਨਾਂ

**ਨਵੀਂ ਦਿੱਲੀ।** ਉੱਤਰ ਭਾਰਤ ਵਿੱਚ ਲਗਾਤਾਰ ਮੀਂਹ ਜਾਰੀ ਹੈ ਅੱਜ ਇਸ ਮੀਂਹ ਕਾਰਨ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ 10 ਜਾਨਾਂ ਚਲੀਆਂ ਗਈਆਂ ਹਨ। ਹਰਿਆਣਾ ਦੇ ਵੱਖ-ਵੱਖ ਹਿੱਸਿਆਂ ਵਿੱਚ ਭਾਰੀ ਮੀਂਹ ਕਾਰਨ ਤਿੰਨ ਛੱਤਾਂ ਡਿੱਗਣ ਦੀਆਂ ਘਟਨਾਵਾਂ ਵਿੱਚ ਘੱਟੋ-ਘੱਟ ਛੇ ਲੋਕ, ਜਿਨ੍ਹਾਂ ਵਿੱਚ ਤਿੰਨ ਕੁੜੀਆਂ ਸ਼ਾਮਲ ਸਨ,ਮਾਰੇ ਗਏ। ਇਹ ਘਟਨਾਵਾਂ ਭਿਵਾਨੀ, ਸ਼ਹਾਬਾਦ ਮਾਰਕੰਡਾ ਅਤੇ ਯਮੁਨਾਨਗਰ ਤੋਂ ਸਾਹਮਣੇ ਆਈਆਂ। ਹਿਮਾਚਲ ਪ੍ਰਦੇਸ਼ ਵਿੱਚ ਮੀਂਹ ਦੀ ਤਬਾਹੀ ਜਾਰੀ ਰਹੀ, ਜਦੋਂ ਮੰਡੀ ਜ਼ਿਲ੍ਹੇ ਦੇ ਸੁੰਦਰਨਗਰ ਨੇੜੇ ਭੂਸਖਲਣ ਦੇ ਮਲਬੇ ਵਿੱਚੋਂ ਚਾਰ ਹੋਰ ਲਾਸ਼ਾਂ



ਬਰਾਮਦ ਹੋਈਆਂ, ਜਿਸ ਨਾਲ ਮਰਨ ਵਾਲਿਆਂ ਦੀ ਗਿਣਤੀ ਸੱਤ ਹੋ ਗਈ। ਕੁੱਲੂ ਜ਼ਿਲ੍ਹੇ ਵਿੱਚ ਦੋ ਮਕਾਨ ਡਿੱਗਣ ਨਾਲ ਦੋ ਲੋਕ, ਜਿਨ੍ਹਾਂ ਵਿੱਚ ਇੱਕ ਐਨਡੀਆਰਐਫ ਜਵਾਨ ਵੀ ਸ਼ਾਮਲ ਸੀ , ਜਿਨ੍ਹਾਂ ਦੇ ਮਾਰੇ ਜਾਣ ਦੀ ਖਦਸ਼ਾ ਹੈ, ਜਦਕਿ ਸ਼ਿਮਲਾ ਦੇ ਕੁਮਾਰਸੈਣ ਖੇਤਰ ਵਿੱਚ ਕਾਲੀਮਿੱਟੀ ਨੇੜੇ ਇੱਕ ਨਿੱਜੀ ਬੱਸ ਉੱਤੇ ਪੱਥਰ ਡਿੱਗਣ ਨਾਲ ਦੋ ਔਰਤਾਂ ਦੀ ਮੌਤ ਹੋ ਗਈ ਅਤੇ 15 ਯਾਤਰੀ ਜ਼ਖਮੀ ਹੋ ਗਏ। ਤਾਜ਼ਾ ਭੱਵਿਖਬਾਣੀ ਮੁਤਾਬਕ ਵੀਰਵਾਰ ਨੂੰ ਅਰੁਣਾਚਲ ਪ੍ਰਦੇਸ਼, ਪੱਛਮੀ ਬੰਗਾਲ ਅਤੇ ਝਾਰਖੰਡ ਵਿੱਚ ਭਾਰੀ ਮੀਂਹ ਦੀ ਸੰਭਾਵਨਾ ਹੈ ਜਦੋਂ ਕਿ ਓਡੀਸ਼ਾ ਵਿੱਚ ਬੁੱਧਵਾਰ ਨੂੰ ਤੀਜੇ ਦਿਨ ਵੀ ਮੀਂਹ ਨੇ ਤਬਾਹੀ ਮਚਾਈ ਰੱਖੀ।

# 35 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਮਨਾਲੀ-ਕੁੱਲੂ ਫੋਰਲੇਨ ਟੁੱਟਿਆ

### ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇੰਜੀਨੀਅਰਾਂ ਦੀ ਕਾਰਜਪ੍ਰਣਾਲੀ ’ਤੇ ਉਠਾਏ ਸਵਾਲ

**ਨਵੀਂ ਦਿੱਲੀ ।** ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਹਿਮਾਚਲ ਪ੍ਰਦੇਸ਼ ਵਿੱਚ ਬਣੇ ਮਨਾਲੀ-ਕੂੱਲੂ ਚਾਰ-ਮਾਰਗੀ ਦੇ ਬਹਾਨੇ ਇੰਜੀਨੀਅਰਾਂ ਦੇ ਕੰਮਕਾਜ ’ਤੇ ਗੰਭੀਰ ਸਵਾਲ ਉਠਾਏ ਹਨ। ਉਨ੍ਹਾਂ ਦਿੱਲੀ ਵਿਖੇ ਇੱਕ ਪ੍ਰੋਗਰਾਮ ਵਿੱਚ ਕਿਹਾ ਕਿ 3500 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਚਾਰ-ਮਾਰਗੀ ਬਾਰਿਸ਼ਾਂ ਵਿੱਚ ਪੂਰੀ ਤਰ੍ਹਾਂ ਢਹਿ ਗਿਆ ਹੈ। ਇੰਜੀਨੀਅਰਾਂ ਲਈ ‘ਦੋਸ਼ੀ’ ਸ਼ਬਦ ਦੀ ਵਰਤੋਂ ਕਰਦੇ ਹੋਏ ਗਡਕਰੀ ਨੇ ਕਿਹਾ ਕਿ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਬਣਾਉਣ ਵਾਲੇ ਅਧਿਕਾਰੀ ਇਸ ਲਈ ਜ਼ਿੰਮੇਵਾਰ ਹਨ।



ਉਨ੍ਹਾਂ ਕਿਹਾ ਬਹੁਤ ਸਾਰੇ ਅਧਿਕਾਰੀ ਸੇਵਾਮੁਕਤੀ ਤੋਂ ਬਾਅਦ ਆਪਣੀਆਂ ਕੰਪਨੀਆਂ ਬਣਾਉਂਦੇ ਹਨ। ਇਹ ਲੋਕ ਗੂਗਲ ਹੋਮ ’ਤੇ ਬੈਠ ਕੇ ਡੀਪੀਆਰ ਬਣਾਉਂਦੇ ਹਨ ਫੀਲਡ ਵਿੱਚ ਜਾ ਕੇ ਕੋਈ ਅਧਿਐਨ ਨਹੀਂ ਕਰਦੇ। ਉਨ੍ਹਾਂ ਕਿਹਾ ਹਰ ਸਾਲ ਮੀਂਹ ਵਿੱਚ ਸੜਕਾਂ ਟੁੱਟ ਰਹੀਆਂ ਹੈ। ਇੱਥੇ ਪਹਾੜ ਹਨ, ਉੱਥੇ ਪਹਾੜ ਹਨ, ਵਿਚਕਾਰ ਨਦੀ ਹੈ ਅਤੇ ਲੋਕ ਨਦੀ ਦੇ ਕੰਢਿਆਂ ’ਤੇ ਵਸੇ ਹੋਏ ਹਨ। ਹਰ ਸਾਲ ਮੀਂਹ ਵਿੱਚ ਜ਼ਮੀਨ ਖਿਸਕਦੀ ਹੈ ਅਤੇ ਹਰ ਸਾਲ ਲੋਕ ਮਾਰੇ ਜਾਂਦੇ ਹਨ।

ਇਸ ਦਾ ਹੁਣ ਤੱਕ ਕੋਈ ਸਥਾਈ ਹੱਲ ਨਹੀਂ ਲੱਭਿਆ ਜਾ ਰਿਹਾ ਹੈ। ਗਡਕਰੀ ਨੇ ਕਿਹਾ ਬਹੁਤ ਸਾਰੇ ਡੀਪੀਆਰ ਬਿਨਾਂ ਅਧਿਐਨ ਦੇ ਬਣਾਏ ਜਾਂਦੇ ਹਨ ਅਤੇ ਸਾਡੇ ਸਰਕਾਰੀ ਅਧਿਕਾਰੀ ਵੀ ਅੰਨ੍ਹੇ ਵਾਂਗ ਹਨ। ਕਿਉਂਕਿ ਉਹ ਤੁਰੰਤ ਅਜਿਹੇ ਡੀਪੀਆਰ ’ਤੇ ਟੈਂਡਰ ਜਾਰੀ ਕਰਦੇ ਹਨ। ਕੇਂਦਰੀ ਮੰਤਰੀ ਨੇ ਕਿਹਾ ਕਿ ਵੱਡੀਆਂ ਕੰਪਨੀਆਂ ਦੇ ਕਹਿਣ ’ਤੇ ਟੈਂਡਰ ਵਿੱਚ ਤਕਨੀਕੀ ਅਤੇ ਵਿੱਤੀ ਯੋਗਤਾਵਾਂ ਰੱਖੀਆਂ ਜਾਂਦੀਆਂ ਹਨ। ਉਨ੍ਹਾਂ ਪ੍ਰੋਗਰਾਮ ਵਿੱਚ ਮੌਜੂਦ ਇੰਜੀਨੀਅਰਾਂ ਨੂੰ ਅਪੀਲ ਕੀਤੀ ਕਿ ਡੀਪੀਆਰ ਵਧੀਆ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਪਹਾੜਾਂ ਵਿੱਚ ਲੋਕਾਂ ਦੀ ਜਾਨ ਨਾਲ ਖੇਡਣ ਤੋਂ ਬਚਣ ਲਈ ਸੁਰੰਗ ਬਣਾਉਣ ’ਤੇ ਧਿਆਨ ਕੇਂਦਰਿਤ ਕਰਨ ਲਈ ਕਿਹਾ।

ਜ਼ਿਕਰਯੋਗ ਹੈ ਕਿ ਜਦੋਂ ਤੋਂ ਹਿਮਾਚਲ ਵਿੱਚ ਚੰਡੀਗੜ੍ਹ-ਮਨਾਲੀ ਚਾਰ-ਮਾਰਗੀ ਬਣਾਇਆ ਗਿਆ ਹੈ, ਹਰ ਸਾਲ ਹੋਰ ਤਬਾਹੀ ਹੋ ਰਹੀ ਹੈ। ਚਾਰ-ਮਾਰਗੀ ਪੂਰੀ ਤਰ੍ਹਾਂ ਤਿਆਰ ਹੋਣ ਤੋਂ ਪਹਿਲਾਂ ਹੀ ਬਿਆਸ ਵਿੱਚ ਰਲ ਜਾਂਦੀ ਹੈ। ਰਾਜ ਵਿੱਚ ਹੋਰ ਚਾਰ-ਮਾਰਗੀ ਅਤੇ ਐਨਐਚ ਪ੍ਰੋਜੈਕਟਾਂ ਦੇ ਨਿਰਮਾਣ ਨੂੰ ਲੈ ਕੇ ਐਨ.ਐਚ.ਏ.ਆਈ. ਦੇ ਕੰਮਕਾਜ ’ਤੇ ਵਾਰ-ਵਾਰ ਸਵਾਲ ਉਠਾਏ ਜਾ ਰਹੇ ਹਨ। ਹਿਮਾਚਲ ਦੇ ਵੱਖ-ਵੱਖ ਖੇਤਰਾਂ ਵਿੱਚ ਇਨ੍ਹਾਂ ਸੜਕ ਪ੍ਰੋਜੈਕਟਾਂ ਕਾਰਨ ਵੱਡੀ ਗਿਣਤੀ ਵਿੱਚ ਲੋਕਾਂ ਦੇ ਘਰ ਖ਼ਤਰੇ ਵਿੱਚ ਆ ਗਏ ਹਨ।

## ਪੰਜਾਬ ਦੇ ਸਕੂਲਾਂ ਤੇ ਕਾਲਜਾਂ ’ਚ 7 ਸਤੰਬਰ ਤੱਕ ਛੁੱਟੀਆਂ ਵਧਾਈਆਂ

**ਮਾਨਸਾ।** ਪੰਜਾਬ ਵਿੱਚ ਹੜ੍ਹਾਂ ਦਾ ਕਹਿਰ ਜਾਰੀ ਹੈ ਅਤੇ ਸਮੁੱਚੇ ਪੰਜਾਬ ਨੂੰ ਹੜ੍ਹਾਂ ਨੇ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ, ਜਿਸ ਨੂੰ ਲੈ ਕੇ ਪੰਜਾਬ ਦੇ ਸਕੂਲਾਂ-ਕਾਲਜਾਂ ਵਿੱਚ ਛੁੱਟੀਆਂ 7 ਸਤੰਬਰ ਤੱਕ ਵਧਾ ਦਿੱਤੀਆਂ ਗਈਆਂ ਹਨ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸੂਬੇ ਦੇ ਸਾਰੇ ਸਰਕਾਰੀ/ਏਡਿਡ / ਮਾਨਤਾ ਪ੍ਰਾਪਤ/ ਪ੍ਰਾਈਵੇਟ ਸਕੂਲਾਂ/ ਕਾਲਜਾਂ/



ਯੂਨੀਵਰਸਿਟੀਆਂ ਅਤੇ ਪੋਲੀਟੈਕਨੀਕਲ ਕਾਲਜਾਂ ਵਿੱਚ 7 ਸਤੰਬਰ 2025 ਤੱਕ ਛੁੱਟੀਆਂ ਕੀਤੀਆਂ ਜਾਂਦੀਆਂ ਹਨ।


# VACANCY

## URGENT REQUIREMENT

Company Name - Rk Drafting Hub

Working Place - Office In Nakodar

2 Hiring For

Architecture Draftperson Or Civil Engineer.

Starting Salary Rs. 15000 Per Month.

Exprience Requirement -

Auto Cad (Must Required) Sketch Up

Do not call, only send the CV

on Whatsapp number - 98723 76093

Email: rk_drafting_hub@outlook.com



Samaj Weekly

ਸਮਾਜ ਵੀਕਲੀ



Editor-in-chief

Devinder Chander

+44 7878 456 484

Editorial Office

Samaj Weekly

Samaj Media Enterprise Ltd

46 Summer Road

Erdington,Birmingham UK

B23 6UR

+44 7878 456 484

+44 121 565 4810

info@samajweekly.com

samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


## ਬਲੋਚਿਸਤਾਨ 'ਚ ਆਤਮਘਾਤੀ ਬੰਬ ਧਮਾਕੇ ਨਾਲ 14 ਲੋਕਾਂ ਦੀ ਮੌਤ, 35 ਲੋਕ ਹੋਏ ਜ਼ਖ਼ਮੀ

**ਕਰਾਚੀ:** ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਦੇ ਕਵੇਟਾ ਸ਼ਹਿਰ ਵਿੱਚ ਬਲੋਚਿਸਤਾਨ ਨੈਸ਼ਨਲ ਪਾਰਟੀ (ਬੀਐਨਪੀ) ਵੱਲੋਂ ਆਯੋਜਿਤ ਇੱਕ ਜਨਤਕ ਰੈਲੀ ਦੇ ਖਤਮ ਹੋਣ ਤੋਂ ਤੁਰੰਤ ਬਾਅਦ ਇੱਕ ਆਤਮਘਾਤੀ ਬੰਬ ਧਮਾਕੇ ਵਿੱਚ ਘੱਟੋ-ਘੱਟ 14 ਲੋਕ ਮਾਰੇ ਗਏ ਅਤੇ 35 ਹੋਰ ਜ਼ਖਮੀ ਹੋ ਗਏ। ਦਿ ਐਕਸਪ੍ਰੈਸ ਟ੍ਰਿਬਿਊਨ ਅਖਬਾਰ ਨੇ ਰਿਪੋਰਟ ਦਿੱਤੀ ਕਿ ਸਰਦਾਰ ਅਤਾਉੱਲਾ ਮੈਂਗਲ ਦੀ ਚੌਥੀ ਬਰਸੀ ਮਨਾਉਣ ਲਈ ਆਯੋਜਿਤ ਰੈਲੀ ਦੇ ਸਮਾਪਤ ਹੋਣ ਤੋਂ ਤੁਰੰਤ ਬਾਅਦ ਮੰਗਲਵਾਰ ਰਾਤ ਨੂੰ ਸਰਿਆਬ ਖੇਤਰ ਦੇ ਸ਼ਾਹਵਾਨੀ ਸਟੇਡੀਅਮ ਦੇ ਨੇੜੇ ਇਹ ਧਮਾਕਾ ਹੋਇਆ। ਖਬਾਰ ਨੇ ਰਿਪੋਰਟ ਦਿੱਤੀ ਕਿ ਸੂਬਾਈ ਸਿਹਤ ਮੰਤਰੀ ਬਖਤ ਮੁਹੰਮਦ ਕੱਕਰ ਨੇ ਜਾਨੀ ਨੁਕਸਾਨ ਦੀ ਪੁਸ਼ਟੀ ਕੀਤੀ ਹੈ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਇਹ ਇੱਕ ਆਤਮਘਾਤੀ ਹਮਲਾ ਸੀ, ਦਿ ਡਾਨ ਅਖਬਾਰ ਨੇ ਰਿਪੋਰਟ ਕੀਤੀ। ਪੁਲਿਸ ਦੇ ਅਨੁਸਾਰ, ਧਮਾਕਾ ਰੈਲੀ ਖਤਮ ਹੋਣ ਤੋਂ ਲਗਭਗ 15 ਮਿੰਟ ਬਾਅਦ ਹੋਇਆ। ਹਮਲਾਵਰ ਨੇ ਕਥਿਤ ਤੌਰ 'ਤੇ ਪਾਰਕਿੰਗ ਖੇਤਰ ਵਿੱਚ



ਵਿਸਫੋਟਕਾਂ ਨਾਲ ਭਰੀ ਆਪਣੀ ਜੈਕੇਟ ਵਿੱਚ ਧਮਾਕਾ ਕਰ ਦਿੱਤਾ ਜਦੋਂ ਲੋਕ ਰੈਲੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਜਾ ਰਹੇ ਸਨ। ਡਾਨ ਦੇ ਅਨੁਸਾਰ, ਰੈਲੀ ਦੀ ਅਗਵਾਈ ਕਰ ਰਹੇ ਬੀਐਨਪੀ ਮੁਖੀ ਅਖਤਰ ਮੈਂਗਲ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਕਿਉਂਕਿ ਧਮਾਕਾ ਉਦੋਂ ਹੋਇਆ ਜਦੋਂ ਉਹ ਘਰ ਜਾ ਰਿਹਾ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਪਖਤੂਨਖਵਾ ਮਿੱਲੀ ਅਵਾਮੀ ਪਾਰਟੀ ਦੇ ਮੁਖੀ ਮਹਿਮੂਦ ਖਾਨ ਅਚਾਕਜ਼ਈ, ਅਵਾਮੀ ਨੈਸ਼ਨਲ ਪਾਰਟੀ ਦੇ ਅਸਗਰ ਖਾਨ ਅਚਾਕਜ਼ਈ ਅਤੇ ਸਾਬਕਾ ਨੈਸ਼ਨਲ ਪਾਰਟੀ ਸੈਨੇਟਰ ਮੀਰ ਕਬੀਰ ਮੁਹੰਮਦ ਸ਼ਾਈ ਵੀ ਰੈਲੀ ਵਿੱਚ ਮੌਜੂਦ ਸਨ ਪਰ ਜ਼ਖਮੀ ਨਹੀਂ ਹੋਏ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪੰਜਾਬ ਯੂਨੀਵਰਸਿਟੀ ਵਿਦਿਆਰਥੀ ਕੌਂਸਲ ਚੋਣਾਂ ‘ਚ ਏਬੀਵੀਪੀ ਨੇ ਲਹਿਰਾਇਆ ਝੰਡਾ

**ਚੰਡੀਗੜ੍ਹ।** ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ਏਬੀਵੀਪੀ) ਨੇ ਪੰਜਾਬ ਯੂਨੀਵਰਸਿਟੀ ਕੈਂਪਸ ਸਟੂਡੈਂਟ ਕੌਂਸਲ ਚੋਣਾਂ 2025 ‘ਚ ਪ੍ਰਧਾਨ ਅਹੁਦੇ ‘ਤੇ 3147 ਵੋਟ ਲੈ ਕੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਇਹ ਨਤੀਜਾ ਵਿਦਿਆਰਥੀਆਂ ਦੇ ਉਸ ਭਰੋਸੇ ਨੂੰ ਦਰਸਾਉਂਦਾ ਹੈ ਜੋ ਉਨ੍ਹਾਂ ਨੇ ਵਿਦਿਆਰਥੀ ਪਰਿਸ਼ਦ ਦੀ ਵਿਦਿਆਰਥੀ ਹਿਤਾਂ ਦੀ ਸੇਵਾ ਦੇ ਸੰਕਲਪ ਉੱਤੇ ਜਤਾਇਆ ਹੈ।
ਇਸ ਚੋਣ ਨੇ ਸਾਫ ਕਰ ਦਿੱਤਾ ਕਿ ਵਿਦਿਆਰਥੀਆਂ ਦੀ ਪਹਿਲੀ ਪਸੰਦ ਏਬੀਵੀਪੀ ਇਸ ਲਈ ਬਣੀ ਕਿਉਂਕਿ ਅਸੀਂ ਚੋਣਾਂ ‘ਚ ਮੁੱਦਿਆਂ ਅਤੇ ਵਿਦਿਆਰਥੀਆਂ ਨਾਲ ਜੁੜੇ ਸਵਾਲਾਂ ਨੂੰ ਕੇਂਦਰ ਵਿੱਚ ਰੱਖਿਆ, ਜਦਕਿ ਹੋਰ ਜਥੇਬੰਦੀਆਂ ਨੇ ਸਿਰਫ਼ ਰਾਜਨੀਤੀ ਦੀਆਂ ਗੱਲਾਂ ਕਰਦੇ ਰਹੇ। ਗੌਰਵਵੀਰ ਸੋਹਲ ਦੀ ਇਹ ਜਿੱਤ ਸਾਬਤ ਕਰਦੀ ਹੈ ਕਿ ਪੰਜਾਬ ਯੂਨੀਵਰਸਿਟੀ ਦਾ ਵਿਦਿਆਰਥੀ ਸਮੂਹ ਹੁਣ ਵਿਦਿਆਰਥੀ ਹਿਤਾਂ, ਪਾਰਦਰਸ਼ੀਤਾ ਅਤੇ ਸਕਾਰ-ਾਤਮਕ ਅਕਾਦਮਿਕ ਮਾਹੌਲ ਲਈ ਏਕਜੁਟ ਹੋ ਕੇ ਏਬੀਵੀਪੀ ‘ਤੇ ਭਰੋਸਾ ਕਰਦਾ ਹੈ। ਵਿਦਿਆਰਥੀਆਂ ਨੇ ਵੇਖਿਆ ਕਿ ਏਬੀਵੀਪੀ ਨੇ ਆਪਣੇ ਘੋਸ਼ਣਾ ਪੱਤਰ ਅਤੇ ਸੰਵਾਦ ਰਾਹੀਂ ਉਨ੍ਹਾਂ ਦੀਆਂ ਅਸਲ ਸਮੱਸਿਆਵਾਂ ‘ਤੇ ਗੱਲ ਕੀਤੀ। ਆਉਣ ਵਾਲੇ ਸਮੇਂ ਵਿੱਚ ਏਬੀਵੀਪੀ ਇਹਨਾਂ ਮੁੱਦਿਆਂ ਨੂੰ ਹੋਰ ਮਜ਼ਬੂਤੀ ਨਾਲ ਉਠਾਏਗੀ ਅਤੇ ਹਰ ਵਿਦਿਆਰਥੀ ਦੇ ਸੁਪਨਿਆਂ ਅਤੇ ਅਕਾਂਸ਼ਾਵਾਂ ਨੂੰ ਪੂਰਾ ਕਰਨ ਲਈ ਸੰਕਲਪਬੱਧ ਰਹੇਗੀ। ਨਵੇਂ ਚੁਣੇ ਪ੍ਰਧਾਨ ਗੌਰਵਵੀਰ ਸੋਹਲ ਨੇ ਕਿਹਾ ਇਹ ਜਿੱਤ ਸਿਰਫ਼ ਮੇਰੀ ਨਹੀਂ, ਸਗੋਂ ਪੰਜਾਬ ਯੂਨੀਵਰਸਿਟੀ ਦੇ ਹਰ ਉਸ ਵਿਦਿਆਰਥੀ ਦੀ ਜਿੱਤ ਹੈ





ਜਿਸ ਨੇ ਬਦਲਾਅ ਅਤੇ ਸਕਾਰ-ਾਤਮਕ ਰਾਜਨੀਤੀ ‘ਤੇ ਵਿਸ਼ਵਾਸ ਜਤਾਇਆ। ਮੈਂ ਉਹਨਾਂ ਸਾਰੇ ਸਹਿਯੋਗੀ ਇਨਸੋ ਅਤੇ ਐੱਚਐੱਸਆਰਏ ਵਿਦਿਆਰਥੀ ਜਥੇਬੰਦੀਆਂ ਦਾ ਵੀ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਏਬੀਵੀਪੀ ਦੇ ਨਾਲ ਕੰਧੇ ਨਾਲ ਕੰਧਾ ਮਿਲਾ ਕੇ ਇਸ ਚੋਣ ਵਿੱਚ ਵਿਦਿਆਰਥੀ ਹਿਤ ਦੀ ਮਸ਼ਾਲ ਨੂੰ ਜਲਾਇਆ। ਇਹ ਜਿੱਤ ਮੇਰੇ ਲਈ ਅਹੁਦਾ ਨਹੀਂ, ਸਗੋਂ ਇਕ ਸੰਘਰਸ਼ ਅਤੇ ਸੇਵਾ ਦਾ ਮੌਕਾ ਹੈ। ਏਬੀਵੀਪੀ ਦੇ ਰਾਸ਼ਟਰੀ ਮਹਾਮੰਤਰੀ ਡਾ. ਵਿਰੇਂਦਰ ਸੋਲੰਕੀ ਨੇ ਕਿਹਾ ਕਿ ਅੱਜ ਪੰਜਾਬ ਯੂਨੀਵਰਸਿਟੀ ਨੇ ਇਤਿਹਾਸ ਰਚ ਦਿੱਤਾ ਹੈ। ਇਹ ਕੇਵਲ ਇਕ ਚੋਣੀ ਨਤੀਜਾ ਨਹੀਂ, ਸਗੋਂ ਵਿਚਾਰਾਂ ਦੀ ਜਿੱਤ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਯੂਨੀਵਰਸਿਟੀ ਵਿੱਚ ਜੋ ਖੇਤਰਵਾਦ ਅਤੇ ਵੰਡ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਉਸਨੂੰ ਵਿਦਿਆਰਥੀਆਂ ਨੇ ਨਕਾਰ ਦਿੱਤਾ ਹੈ। ਗੌਰਵਵੀਰ ਦੀ ਇਹ ਜਿੱਤ ਸਾਬਤ ਕਰਦੀ ਹੈ ਕਿ ਇਹ ਸਿਰਫ਼ ਇਕ ਵਿਅਕਤੀ ਦੀ ਜਿੱਤ ਨਹੀਂ, ਬਲਕਿ ਪੰਜਾਬ ਯੂਨੀਵਰਸਿਟੀ ਦੇ ਹਰ ਵਿਦਿਆਰਥੀ ਦੀ ਸਾਂਝੀ ਜਿੱਤ ਹੈ। ਏਬੀਵੀਪੀ ਪੰਜਾਬ ਸੂਬਾ ਸਕੱਤਰ ਮਨਮੀਤ ਸੋਹਲ ਨੇ ਕਿਹਾ ਕਿ ਅਸੀਂ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਸਮਾਜ ਦਾ ਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਡੇ ਉੱਤੇ ਅਪਾਰ ਭਰੋਸਾ ਕੀਤਾ। ਇਹ ਸਹਿਯੋਗ ਸਾਨੂੰ ਹੋਰ ਵੱਧ ਸਮਰਪਣ ਨਾਲ ਵਿਦਿਆਰਥੀ ਸਮੱਸਿਆਵਾਂ ਦਾ ਹੱਲ ਕਰਨ ਅਤੇ ਕੈਂਪਸ ਦੇ ਸਿੱਖਿਅਕ ਮਾਹੌਲ ਨੂੰ ਮਜ਼ਬੂਤ ਕਰਨ ਦੀ ਪ੍ਰੇਰਣਾ ਦਿੰਦਾ ਹੈ। ਇਹ ਇਤਿਹਾਸਕ ਉਪਲਬਧੀ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਸਮਾਜ ਲਈ ਇਕ ਨਵੀਂ ਸ਼ੁਰੂਆਤ ਹੈ। ਏਬੀਵੀਪੀ ਸੰਕਲਪ ਲੈਂਦੀ ਹੈ ਕਿ ਉਹ ਵਿਦਿਆਰਥੀ ਹਿਤਾਂ ਅਤੇ ਉਨ੍ਹਾਂ ਦੀਆਂ ਅਕਾਂਸ਼ਾਵਾਂ ਨੂੰ ਪੂਰਾ ਕਰਨ ਲਈ ਲਗਾਤਾਰ ਅਥਕ ਯਤਨ ਕਰਦੀ ਰਹੇਗੀ।

# 7 ਸਤੰਬਰ ਤੱਕ ਭਾਰੀ ਮੀਂਹ ਦੀ ਚੇਤਾਵਨੀ, ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ



**ਨਵੀਂ ਦਿਲੀ।** ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਮਾਨਸੂਨ ਦਾ ਪ੍ਰਭਾਵ ਹੁਣ ਭਿਆਨਕ ਰੂਪ ਧਾਰਨ ਕਰ ਚੁੱਕਾ ਹੈ। ਦੇਸ਼ ਦੇ ਕਈ ਰਾਜਾਂ ਵਿੱਚ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਜਾਰੀ ਹੈ, ਅਤੇ ਮੌਸਮ ਵਿਭਾਗ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਸਮੇਂ ਰਾਹਤ ਦੀ ਕੋਈ ਉਮੀਦ ਨਹੀਂ ਹੈ। ਬੰਗਾਲ ਦੀ ਖਾੜੀ ਵਿੱਚ ਬਣੇ ਘੱਟ ਦਬਾਅ ਵਾਲੇ ਖੇਤਰ ਨੇ ਉੱਤਰ-ਪੱਛਮ, ਮੱਧ, ਪੂਰਬੀ ਅਤੇ ਦੱਖਣੀ ਭਾਰਤ ਦੇ ਵੱਡੇ ਹਿੱਸਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ, ਚੇਤਾਵਨੀ ਦਿੱਤੀ ਹੈ ਕਿ ਅਗਲੇ ਕੁਝ ਦਿਨਾਂ ਤੱਕ ਕਈ ਰਾਜਾਂ ਵਿੱਚ ਭਾਰੀ ਬਾਰਿਸ਼ ਜਾਰੀ ਰਹੇਗੀ। ਭਾਰਤ ਮੌਸਮ ਵਿਭਾਗ (ਿੰਧ) ਨੇ 2 ਸਤੰਬਰ ਤੋਂ 7 ਸਤੰਬਰ ਤੱਕ ਭਾਰੀ ਬਾਰਿਸ਼ ਦੀ ਚੇਤਾਵਨੀ ਜਾਰੀ ਕੀਤੀ ਹੈ। ਇਹ ਚੇਤਾਵਨੀ ਸਿਰਫ਼ ਆਮ ਬਾਰਿਸ਼ ਲਈ ਹੀ ਨਹੀਂ ਹੈ - ਕਈ ਰਾਜਾਂ ਵਿੱਚ ਸਥਿਤੀ ਗੰਭੀਰ ਹੋ ਸਕਦੀ ਹੈ। ਹਿਮਾਚਲ ਪ੍ਰਦੇਸ਼, ਉਤਰਾਖੰਡ, ਓਡੀਸ਼ਾ, ਛੱਤੀਸਗੜ੍ਹ, ਗੁਜਰਾਤ ਅਤੇ ਮੱਧ ਮਹਾਰਾਸ਼ਟਰ ਵਰਗੇ ਰਾਜਾਂ ਵਿੱਚ ਬਹੁਤ ਜ਼ਿਆਦਾ ਭਾਰੀ ਬਾਰਿਸ਼ ਹੋਣ ਦੀ ਉਮੀਦ ਹੈ ਅਤੇ ਉੱਥੇ ਲਾਲ ਚੇਤਾਵਨੀ ਜਾਰੀ ਕੀਤੀ ਗਈ ਹੈ। ਇਸਦਾ ਸਿੱਧਾ ਅਰਥ ਹੈ ਕਿ ਇਨ੍ਹਾਂ ਖੇਤਰਾਂ ਵਿੱਚ ਕਿਸੇ ਵੀ ਸਮੇਂ ਪਾਣੀ ਭਰਨਾ, ਜ਼ਮੀਨ ਖਿਸਕਣਾ, ਸੜਕਾਂ 'ਤੇ ਰੁਕਾਵਟ ਅਤੇ ਹੜ੍ਹ ਵਰਗੀਆਂ ਆਫ਼ਤਾਂ ਆ ਸਕਦੀਆਂ ਹਨ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਮੁਬਾਰਕਪੁਰ ਵਿੱਚ ਹੜ ਪੀੜਤਾਂ ਲਈ ਵਿਸ਼ੇਸ਼ ਲੰਗਰ ਅਤੇ ਰਾਹਤ ਸਮੱਗਰੀ ਦੀ ਵਿਵਸਥਾ

**ਡੇਰਾਬਸੀ, (ਸੰਜੀਵ ਸਿੰਘ ਸੈਣੀ)** ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਨਿਰਦੇਸ਼ਾਂ ਅਨੁਸਾਰ ਅੱਜ ਮੁਬਾਰਕਪੁਰ ਵਿੱਚ ਹੜ ਪੀੜਤ ਲੋਕਾਂ ਵਾਸਤੇ ਵਿਸ਼ਾਲ ਲੰਗਰ ਦਾ ਆਯੋਜਨ ਕੀਤਾ ਗਿਆ। ਹੜਾਂ ਕਾਰਨ ਪ੍ਰਭਾਵਿਤ ਪਰਿਵਾਰਾਂ ਨੂੰ ਭੋਜਨ ਦੀ ਕੋਈ ਕਮੀ ਨਾ ਰਹੇ, ਇਸ ਲਈ ਇਹ ਲੰਗਰ ਸਵੇਰੇ ਤੋਂ ਸ਼ਾਮ ਤੱਕ ਨਿਰੰਤਰ ਚਲਾਇਆ ਜਾਵੇਗਾ। ਜਦ ਤੱਕ ਹੜਾਂ ਦੀ ਸਥਿਤੀ ਬਰਕਰਾਰ ਰਹੇਗੀ, ਤਦ ਤੱਕ ਇਹ ਸੇਵਾ ਬਿਨਾਂ ਰੁਕਾਵਟ ਜਾਰੀ ਰਹੇਗੀ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਸ਼੍ਰੀਮਤੀ ਆਸ਼ੂ ਨਰੇਸ਼ ਉਪਨੇਜਾ ਅਤੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਐਲਾਨ ਕੀਤਾ ਕਿ ਜੇ ਕਿਸੇ ਹੜ ਪੀੜਤ ਪਰਿਵਾਰ ਨੂੰ ਰਾਸ਼ਨ, ਘਰੇਲੂ ਸਮਾਨ ਜਾਂ ਹੋਰ ਕਿਸੇ ਵੀ ਜ਼ਰੂਰੀ ਚੀਜ਼ ਦੀ ਲੋੜ ਹੋਵੇ, ਤਾਂ ਉਹ



ਬੇਝਿਜਕ ਸੰਪਰਕ ਕਰ ਸਕਦੇ ਹਨ। ਉਹਨਾਂ ਨੇ ਕਿਹਾ ਕਿ ਸਹਾਇਤਾ ਲਈ ਹਮੇਸ਼ਾਂ ਤਿਆਰ ਹਨ ਅਤੇ ਕਿਸੇ ਵੀ ਪੀੜਤ ਨੂੰ ਇਕੱਲਾ ਮਹਿਸੂਸ ਨਹੀਂ ਹੋਣ ਦਿੱਤਾ ਜਾਵੇਗਾ। ਖੇਤਰ ਵਿੱਚ ਹੜ ਪੀੜਤਾਂ ਲਈ ਰਾਹਤ ਸਮੱਗਰੀ ਦੇ ਨਾਲ-ਨਾਲ ਲੰਗਰ ਦੀ ਵਿਵਸਥਾ ਕੀਤੀ ਜਾ ਰਹੀ ਹੈ। ਉਹਨਾਂ ਨੇ ਕਿਹਾ ਕਿ ਹੜ ਅਮੀਰ-ਗਰੀਬ ਵਿੱਚ ਕੋਈ ਫ਼ਰਕ ਨਹੀਂ ਕਰਦਾ, ਇਸ ਲਈ ਜਿਹੜਾ ਵੀ ਪਰਿਵਾਰ ਪ੍ਰਭਾਵਿਤ ਹੈ ਉਸਦੀ ਮਦਦ ਲਈ ਉਹ ਹਰ ਵੇਲੇ ਤਿਆਰ ਹਨ। ਸੇਵਾ ਦੇ ਇਸ ਯਤਨ ਨੂੰ ਸਥਾਨਕ ਲੋਕਾਂ ਵੱਲੋਂ ਵੀ ਸਰਾਹਿਆ ਜਾ ਰਿਹਾ ਹੈ ਤੇ ਕਿਹਾ ਜਾ ਰਿਹਾ ਹੈ ਕਿ ਅਜਿਹੇ ਸਮੇਂ ਵਿੱਚ ਲੋਕਾਂ ਨੂੰ ਇਕੱਠੇ ਹੋ ਕੇ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਮੌਕੇ ਬਲਾਕ ਪ੍ਰਧਾਨ, ਐਮ ਸੀ ਸਾਹਿਬਾਨ, ਪਾਰਟੀ ਦੀ ਟੀਮ ਮੌਜੂਦ ਰਹੀ।

# ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼ ਵੱਲੋਂ ਨਾਨਰ ਤਰਾਲ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਪੰਜਾਬੀ ਕਵੀ ਦਰਬਾਰ ਅਤੇ ਸ਼ਬਦ ਕੀਰਤਨ ਸਮਾਗਮ

**ਬਰਨਾਲਾ (ਚੰਡਿਹੋਕ)** ਕਲਚਰਲ ਅਕੈਡਮੀ ਵਲੋਂ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਯਾਦਗਾਰੀ ਬਣਾਉਂਦੇ ਹੋਏ ਗੁਰਦੁਆਰਾ ਸਿੰਘ ਸਭਾ ਨਾਨਰ ਤਰਾਲ ਵਿੱਚ ਪੰਜਾਬੀ ਕਵੀ ਦਰਬਾਰ ਅਤੇ ਕੀਰਤਨ ਗਾਇਨ ਦਾ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਪਿੰਡ ਦੇ ਸਥਾਨਕ ਬੱਚਿਆਂ ਨੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਕਵਿਤਾ ਪਾਠ ਕੀਤਾ। ਰਾਗੀ ਜਸਬੀਰ ਸਿੰਘ ਅਤੇ ਸਾਥੀਆਂ ਨੇ ਗੁਰਬਾਣੀ ਕੀਰਤਨ ਦੀ ਰਸਭਰੀ ਪੇਸ਼ਕਸ਼ ਕੀਤੀ ਅਤੇ ਗੁਰੂ ਜੀ ਦੀਆਂ ਸਿਖਿਆਵਾਂ ਉੱਤੇ ਆਪਣੇ ਵਿਚਾਰ ਵੀ ਪ੍ਰਗਟ ਕੀਤੇ।



ਚੀਫ਼ ਐਡੀਟਰ ਪੋਪਿੰਦਰ ਸਿੰਘ ਪਾਰਸ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਕੈਡਮੀ ਦੀ ਕੋਸ਼ਿਸ਼ ਰਹੀ ਹੈ ਕਿ ਅਜਿਹੇ ਸਮਾਗਮਾਂ ਰਾਹੀਂ ਨੌਜਵਾਨ ਪੀੜ੍ਹੀ ਨੂੰ ਆਪਣੀ ਧਰਮਕ ਤੇ ਸਾਹਿਤਕ ਵਿਰਾਸਤ ਨਾਲ ਜੋੜਿਆ ਜਾਵੇ। ਉਨ੍ਹਾਂ ਕਿਹਾ ਕਿ ਅਕੈਡਮੀ ਆਣ ਵਾਲੇ ਸਮੇਂ ਵਿਚ ਕੁਪਵਾੜਾ, ਛਟੀ ਸਿੰਘ ਪੁਰਾ ਆਦਿ ਥਾਵਾਂ ਤੇ ਪ੍ਰੋਗਰਾਮ ਕਰਨ ਦਾ ਉਪਰਾਲਾ ਕਰ ਰਹੀ ਹੈ।ਮੰਚ ਦੀ ਸੇਵਾ ਮਾਸਟਰ ਸਲਿੰਦਰ ਸਿੰਘ ਨੇ ਨਿਭਾਈ, ਜਦਕਿ ਗੁਰਦੁਆਰਾ ਸਿੰਘ ਸਭਾ ਨਾਨਰ ਦੇ ਪ੍ਰਧਾਨ ਕਿੰਗਪਾਲ ਸਿੰਘ ਨੇ ਸਾਧਸੰਗਤ ਦਾ ਧੰਨਵਾਦ ਕੀਤਾ। ਇਸ ਯਾਦਗਾਰੀ ਸਮਾਗਮ ਵਿੱਚ ਪਿੰਡ ਦੇ ਬਜ਼ੁਰਗਾਂ, ਮਾਤਾਵਾਂ, ਭੈਣਾਂ ਅਤੇ ਬਚਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਜੁੜੀ ਕੀਮਤੀ ਜਾਣਕਾਰੀ ਪ੍ਰਾਪਤ ਕੀਤੀ।

# ਬੀਕੇਯੂ ਪੰਜਾਬ ਦੇ ਆਗੂ ਬਾਜਵਾ, ਤਜਿੰਦਰਪਾਲ ਵੱਲੋਂ ਐਮ ਐਲ ਏ ਨਕੋਦਰ ਦੇ ਕਿਸਾਨ ਆਗੂ ਨੂੰ ਬੋਲੇ ਸ਼ਬਦਾਂ ਦੀ ਸਖ਼ਤ ਨਿਖੇਧੀ

**ਮਹਿਤਪੁਰ, (ਚੰਦੀ)** ਸੋਸ਼ਲ ਮੀਡੀਆ ਤੇ ਵਾਇਰਲ ਹੋਈ ਵੀਡੀਓ ਜਿਸ ਵਿਚ ਆਮ ਆਦਮੀ ਪਾਰਟੀ ਦੇ ਨਕੋਦਰ ਤੋਂ ਵਿਧਾਇਕਾ ਬੀਬੀ ਇੰਦਰਜੀਤ ਕੌਰ ਮਾਨ ਵੱਲੋਂ ਕਿਸਾਨ ਆਗੂ ਨੂੰ ਬੋਲੇ ਸ਼ਬਦਾਂ ਅਤੇ ਪੱਗ ਬਾਬਤ ਕੀਤੀ ਟਿਪਣੀ ਅਤੇ ਕਿਸਾਨ ਆਗੂ ਨੂੰ ਵਰਤੇ ਅਪਸ਼ਬਦਾਂ ਦੀ ਬੀਕੇਯੂ ਪੰਜਾਬ ਦੇ ਕੋਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ ਅਤੇ ਤਜਿੰਦਰਪਾਲ ਸਿੰਘ ਸਿੱਧੂ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਅਸੀ ਔਰਤ ਦੀ ਕਦਰ ਕਰਦੇ ਹਾਂ। ਪਰ ਮਾਣਯੋਗ ਨਕੋਦਰ ਵਿਧਾਇਕਾ ਬੀਬੀ ਇੰਦਰਜੀਤ ਕੌਰ ਮਾਨ ਵੱਲੋਂ ਬਜ਼ੁਰਗ ਕਿਸਾਨ ਆਗੂ ਨੂੰ ਵਰਤੇ ਸ਼ਬਦ ਕਿਸੇ ਪਾਸੇ ਤੋਂ ਯੋਗ ਨਹੀਂ ਹਨ। ਉਨ੍ਹਾਂ ਕਿਹਾ ਕਿ ਬੀਬੀ ਮਾਨ ਵੱਲੋਂ ਬਜ਼ੁਰਗ ਕਿਸਾਨ ਆਗੂ ਦੀ ਉਮਰ ਦਾ ਲਿਹਾਜ਼ ਵੀ ਨਹੀਂ ਕੀਤਾ ਗਿਆ। ਬਾਜਵਾ ਅਤੇ ਸਿੱਧੂ ਨੇ ਕਿਹਾ ਕਿ ਬੀਬੀ ਮਾਨ ਨੂੰ ਸਾਰਿਆਂ ਦੇ ਮਾਨ ਸਨਮਾਨ ਦੀ ਕਦਰ ਕਰਨੀ ਚਾਹੀਦੀ ਹੈ। ਉਹ ਲੋਕਾਂ ਵੱਲੋਂ ਚੁਣੇ ਗਏ ਲੋਕਾਂ ਦੇ ਵਿਧਾਇਕ ਹਨ ਅਤੇ ਲੋਕਾਂ ਨੂੰ ਸਵਿਧਾਨਕ ਹੱਕ ਹੈ ਕਿ ਉਹ ਆਪਣੇ ਸਵਾਲ ਚੁਣੇ ਹੋਏ ਨੁਮਾਇੰਦੇ ਅੱਗੇ ਰੱਖੇ। ਇਹੀ ਬਜ਼ੁਰਗ ਕਿਸਾਨ ਆਗੂ ਵੱਲੋਂ ਕੀਤਾ ਗਿਆ ਜਿਸ ਦਾ ਜਵਾਬ ਬੀਬੀ ਮਾਨ ਵੱਲੋਂ ਸੰਤੁਸ਼ਟੀਜਨਕ ਦੇਣ ਦੀ ਬਜਾਏ ਬਜ਼ੁਰਗ ਕਿਸਾਨ ਆਗੂ ਨੂੰ ਇਥੋਂ ਚਲੋ ਚਲੋ ਅਤੇ ਹੋਰ ਜਗ੍ਹਾ ਲੀਡਰੀ ਆ ਚਮਕਾਉਣ ਦਾ ਕਹਿਣਾ ਅਤੇ ਦਸਣਾ ਕਿ ਉਨ੍ਹਾਂ ਵੱਲੋਂ





ਪੰਜ ਕਰੋੜ ਬੰਨ ਤੇ ਲਗਾਇਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਇਹ ਪੈਸਾ ਜਨਤਾ ਦਾ ਹੈ ਜੇਕਰ ਕਿਸੇ ਵਿਧਾਇਕ ਵੱਲੋਂ ਜਨਤਾਂ ਤੇ ਲਗਾਇਆ ਹੈ ਤਾਂ ਕੋਈ ਅਹਿਸਾਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਬੀਬੀ ਮਾਨ ਨੂੰ ਆਪਣੇ ਸ਼ਬਦਾਂ ਨੂੰ ਵਾਪਸ ਲੈਣਾ ਚਾਹੀਦਾ ਹੈ। ਅਤੇ ਸੱਭਿਅਕ ਸ਼ਬਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਮਾਨ ਵੱਲੋਂ ਵਰਤੇ ਸ਼ਬਦਾਂ ਨਾਲ ਕਿਸਾਨਾਂ ਅਤੇ ਕਿਸਾਨ ਆਗੂਆਂ ਦੇ ਦਿਲਾਂ ਤੇ ਗਹਿਰੀ ਚੋਟ ਪੁੱਜੀ ਹੈ ਇਸ ਦੀ ਬੀਕੇਯੂ ਪੰਜਾਬ ਇਸ ਵਿਵਹਾਰ ਲਈ ਆਮ ਆਦਮੀ ਪਾਰਟੀ ਦੀ ਨਕੋਦਰ ਵਿਧਾਇਕਾ ਵੱਲੋਂ ਵਰਤੇ ਅਪਸ਼ਬਦਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ।

## ਪੰਜਾਬ ਚ ਪਈ ਭਾਰੀ ਭੀੜ , ਕੁਦਰਤੀ ਕਰੋਪੀ ਕਾਰਨ ਝੀਂਡਾ ਕਰਨਾਲ ਦਾ 5 ਸਤੰਬਰ ਦਾ ਜਨਮ-ਦਿਨ ਸਮਾਗਮ ਰੱਦ : ਜਗਦੀਸ਼ ਸਿੰਘ ਝੀਂਡਾ

## ਮੈਂ ਆਪਣੇ ਜਨਮ-ਦਿਨ ਵਾਲੇ ਦਿਨ ਸਾਥੀਆਂ ਨਾਲ ਪੰਜਾਬ ਚ ਹੜ੍ਹ ਪੀੜਤਾਂ ਦੀ ਮਦਦ ਅਤੇ ਸੇਵਾ ਕਰਾਂਗੇ




**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪਿਛਲੇ ਦਿਨੀਂ ਆਪਣੇ 73ਵੇਂ ਜਨਮ-ਦਿਨ ਤੇ ਰੱਖੇ ਸ਼ੁਕਰਾਨਾ ਸਮਾਗਮ ਕਰਨਾਲ ਦੇ ਕਾਰਨ ਵਿਵਾਦਾਂ ਚ ਆਏ ਹਰਿਆਣਾ ਗੁਰਦੁਆਰਾ ਕਮੇਟੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਅੱਜ ਪ੍ਰੈਸ ਨੂੰ ਜਾਰੀ ਇੱਕ ਬਿਆਨ ਵਿੱਚ ਆਖਿਆ ਕਿ ਪੰਜਾਬ 'ਚ ਦਿਨ-ਬ-ਦਿਨ ਹੜ੍ਹਾਂ ਕਾਰਨ ਹੁੰਦੀ ਖਰਾਬ ਸਥਿਤੀ ਕਾਰਨ ਮੈਂ ਇਹ ਸਮਾਗਮ ਰੱਦ ਕਰਨ ਦਾ ਫੈਸਲਾ ਲਿਆ ਹੈ ਅਤੇ ਮੇਰੇ ਜਨਮ-ਦਿਨ ਵਾਲੇ ਦਿਨ 5 ਸਤੰਬਰ ਨੂੰ ਮੈਂ ਅਤੇ ਮੇਰੀ ਹਰਿਆਣਾ ਕਮੇਟੀ ਦੀ ਟੀਮ ਪੰਜਾਬ 'ਚ ਹੜ੍ਹ ਪੀੜਤਾਂ ਦਾ ਹਾਲ ਪੁੱਛਣ ਜਾਣਗੇ ,ਅਤੇ ਜੋ ਵੱਧ ਤੋਂ ਵੱਧ ਸਹਾਇਤਾ ਹੋ ਸਕੀ ਉਹ ਕਰਾਂਗੇ । ਉਹਨਾਂ ਆਖਿਆ ਕਿ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਆਪਣੇ ਪੰਜਾਬੀ ਭਰਾਵਾਂ ਲਈ ਹਰ ਸਮੇਂ ਹਾਜ਼ਰ ਹੈ ਅਤੇ ਅਸੀਂ ਤਨੋਂ ਮਨੋਂ ਅਤੇ ਧਨੋਂ ਕੌਮ ਦੀ ਸੇਵਾ ਨੂੰ ਸਮਰਪਿਤ ਹਾਂ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸੋਸ਼ਲ ਮੀਡੀਆ ਉੱਪਰ ਗੰਦ ਪਾਉਣ ਵਾਲੇ ਹੁਣ ਹੜ੍ਹਾਂ ਵਿੱਚ ਜਾ ਕੇ ਵੀ ਗੰਦ ਪਾਉਣ ਲੱਗੇ

**ਬਲਬੀਰ ਸਿੰਘ ਬੱਬੀ**

ਸੋਸ਼ਲ ਮੀਡੀਆ ਦੀਆਂ ਵੱਖ-ਵੱਖ ਸਾਈਟਸ ਵਟਸਐਪ ਤੇ ਹੋਰ ਸਾਧਨਾਂ ਦੇ ਉੱਪਰ ਅਸੀਂ ਅਕਸਰ ਹੀ ਦੇਖਦੇ ਹਾਂ ਕਿ ਕੁਝ ਲੋਕਾਂ ਨੇ ਬਹੁਤ ਗੰਦ ਪਾਇਆ ਹੋਇਆ ਹੈ ਦੋ ਅਰਥੀ ਗੱਲਾਂ ਬਾਤਾਂ ਅਸ਼ਲੀਲ ਵੀਡੀਓਜ਼ ਅੰਗ ਪ੍ਰਦਰਸ਼ਨਈ ਉਸ ਤੋਂ ਇਲਾਵਾ ਰਿਸ਼ਤਿਆਂ ਨੂੰ ਤਾਰ ਤਾਰ ਕਰਦੀਆਂ ਅਜਿਹੀਆਂ ਵੀਡੀਓ ਅਕਸਰ ਹੀ ਸੋਸ਼ਲ ਮੀਡੀਆ ਉੱਪਰ ਚੱਲਦੀਆਂ ਹਨ ਇਹਨਾਂ ਵੀਡੀਓ ਨੂੰ ਬਣਾਉਣ ਵਾਲੇ ਸਾਡੇ ਪੰਜਾਬੀ ਕਾਫੀ ਅੱਗੇ ਹਨ ਚਾਹੇ ਉਹ ਪੰਜਾਬ ਵਿੱਚ ਹਨ ਜਾਂ ਦੇਸ਼ ਵਿਦੇਸ਼ ਵਿੱਚ ਹਨ ਸਭ ਕੁਝ ਸੋਸ਼ਲ ਮੀਡੀਆ ਦੇ ਉੱਪਰ ਦੇਖ ਰਹੇ ਹਾਂ। ਇਹ ਵੀ ਦੇਖਦੇ ਹਾਂ ਕਿ ਕੁਝ ਲੜਕੇ ਲੜਕੀਆਂ ਔਰਤਾਂ ਵਾਲਾ ਪਹਿਰਾਵਾ ਪਾ ਕੇ ਆਪਣੇ ਸਰੀਰ ਦੀ ਬਣਤਰ ਤੇ ਵਾਲਾਂ ਦਾ ਸਟਾਇਲ ਬਣਾ ਕੇ ਲੜਕੀਆਂ ਬਣ ਕੇ ਵੀਡੀਓ ਚ ਪਾ ਰਹੀਆਂ ਹਨ ਜੋ ਬਹੁਤ ਹੀ ਗਲਤ ਗੱਲਾਂ ਕਰਦੇ ਹਨ।



ਜਿਹੜੇ ਲੋਕਾਂ ਨੇ ਸੋਸ਼ਲ ਮੀਡੀਆ ਦੇ ਉੱਪਰ ਆਪ ਤੇ ਆਪਣੇ ਪਰਿਵਾਰ ਨਾਲ ਬੈਠ ਕੇ ਸ਼ਰਮਾ ਲਾਹੀਆਂ ਹੋਈਆਂ ਹਨ ਹੁਣ ਉਹੀ ਲੋਕ ਹੜ੍ਹ ਪੀੜਤ ਇਲਾਕਿਆਂ ਵਿੱਚ ਜਾ ਕੇ ਆਪਣੇ ਵਿਊ ਲੈਣ ਦੇ ਚੱਕਰ ਵਿੱਚ ਗੰਦ ਮੰਦ ਖਿਲਾਰ ਰਹੇ ਹਨ। ਉਂਝ ਤਾਂ ਸਮੁੱਚੇ ਹਰ ਪੀੜਤ ਇਲਾਕਿਆਂ ਦੇ ਵਿੱਚ ਬਹੁਤੇ ਲੋਕਾਂ ਨੇ ਸਣੇ ਸਰਕਾਰੀ ਅਧਿਕਾਰੀਆਂ ਨੇ ਬਿਪਤਾ ਦੇ ਵਿੱਚ ਫੋਟੋ ਸ਼ੂਟ ਵੀਡੀਓ ਸ਼ੂਟ ਬਣਾਇਆ ਜਾਪਦਾ ਹੈ। ਪਰ ਫਿਰ ਵੀ ਅਨੇਕਾਂ ਲੋਕ ਅਜਿਹੇ ਹਨ ਜੋ ਸੇਵਾ ਵੀ ਕਰਦੇ ਹਨ ਤੇ ਕਿਸੇ ਨੂੰ ਪਤਾ ਵੀ ਨਹੀਂ ਲੱਗਣ ਦਿੰਦੇ।

ਪਰ ਆ ਜਿਹੜਾ ਸੋਸ਼ਲ ਮੀਡੀਆ ਉੱਪਰ ਗੰਦ ਪਾਉਣ ਵਾਲਾ ਲਾਣਾ ਇਹ ਹੜਾਂ ਵਿੱਚ ਪੁੱਜ ਕੇ ਕੀ ਕੁਝ ਕਰ ਰਿਹਾ ਹੈ ਤੇ ਉਥੋਂ ਹੀ ਆਪਣੀਆਂ ਵੀਡੀਓ ਪਾ ਰਿਹਾ ਹੈ ਇਸ ਖਬਰ ਦੇ ਨਾਲ ਜੋ ਤਸਵੀਰ ਲੱਗੀ ਹੋਈ ਹੈ ਤੁਸੀਂ ਆਪ ਹੀ ਦੇਖ ਸਕਦੇ ਹੋ ਇਹ ਲੜਕੀ ਹੈ ਜਾਂ ਲੜਕਾ ਇਹ ਤਾਂ ਪਤਾ ਨਹੀਂ ਲੱਗ ਰਿਹਾ ਪਰ ਇਸ ਦੇ ਗਲੇ ਦੇ ਵਿੱਚ ਸਪੈਸ਼ਲ ਫੁੱਲ ਨੁਮਾਂ ਟੈਟੂ ਬਣਾਇਆ ਹੋਇਆ ਹੈ ਉਸ ਤਰ੍ਹਾਂ ਦਾ ਪਹਿਰਾਵਾ ਪਾਇਆ ਹੋਇਆ ਹੈ ਤੇ ਇਹ ਹੜ੍ਹ ਪੀੜਤ ਇਲਾਕਿਆਂ ਵਿੱਚ ਜਾ ਕੇ ਵੀਡੀਓ ਬਣਾ ਰਹੇ ਹਨ ਤੇ ਉਲਟਾ ਜਿਹੜੀ ਮੰਢੀਰ ਇਹਨਾਂ ਦੇ ਨਾਲ ਸੋਸ਼ਲ ਮੀਡੀਆ ਉੱਪਰ ਪਹਿਲਾਂ ਹੀ ਜੁੜੀ ਹੋਈ ਹੈ ਉਹ ਇਹਨਾਂ ਦੇ ਅੱਗੜ ਪਿੱਛੜ ਘੁੰਮਦੇ ਹੋਏ ਆਵਾ ਤਵਾ ਵੀ ਬੋਲ ਰਹੇ ਹਨ। ਅਜਿਹੇ ਕਾਰੇ ਕਰਨ ਵਾਲਿਆਂ ਨੂੰ ਬੇਨਤੀ ਹੈ ਕਿ ਤੁਸੀਂ ਆਪਣੇ ਕਮਰਿਆਂ ਵਿੱਚ ਬਹਿ ਕੇ ਤਾਂ ਗੰਦ ਖਿਲਾਰ ਹੀ ਰਹੇ ਹੋ ਕਮ ਸੇ ਕਮ ਹਾੜ ਪੀੜਤ ਲੋਕਾਂ ਵਿੱਚ ਜਾ ਕੇ ਤਾਂ ਅਜਿਹਾ ਕੁਝ ਨਾ ਕਰੋ।

# ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਹੜ੍ਹ ਪੀੜਤਾਂ ਦੀਆਂ ਮੁਸ਼ਕਿਲਾਂ ਸੰਬੰਧੀ ਮੁੱਖ ਮੰਤਰੀ ਦੇ ਨਾਂ ਦਿੱਤਾ ਮੰਗ ਪੱਤਰ

- ●ਕੇਂਦਰ ਅਤੇ ਸੂਬਾ ਸਰਕਾਰ ਨੂੰ ਹੜ ਪੀੜਤ ਲੋਕਾਂ ਦੀ ਬਾਂਹ ਫੜਨ ਦੀ ਅਪੀਲ
- ●ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਹੜ ਪੀੜਤਾਂ ਦੀ ਮਦਦ ਲਈ ਯਤਨਸ਼ੀਲ



**ਕਪੂਰਥਲਾ, ( ਕੌੜਾ )**-ਪੰਜਾਬ ਵਿੱਚ ਹੜ੍ਹਾਂ ਕਾਰਨ ਹੋ ਰਹੇ ਵਿਆਪਕ ਨੁਕਸਾਨ ਨੂੰ ਵੇਖਦੇ ਹੋਏ ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਅੱਜ ਹੜ੍ਹ ਪੀੜਤਾਂ ਦੀਆਂ ਮੁਸ਼ਕਿਲਾਂ ਸੰਬੰਧੀ ਡੀ.ਐਮ.ਐਫ. ਕਪੂਰਥਲਾ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਦੇ ਸੁਪਰਡੈਂਟ ਅਨਿਲ ਕਾਲਾ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ ਮੰਗ ਪੱਤਰ ਭੇਜਿਆ ਗਿਆ।

ਇਸ ਮੌਕੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਆਗੂਆਂ ਨੇ ਆਖਿਆ ਕਿ ਜਿੱਥੇ ਪੰਜਾਬ ਸਰਕਾਰ ਹੜਾਂ ਕਾਰਨ ਹੋਈ ਤਬਾਹੀ ਨੂੰ ਰੋਕਣ ਅਤੇ ਪੀੜਤ ਲੋਕਾਂ ਨੂੰ ਰਾਹਤ ਦੇਣ ਵਿੱਚ ਅਸਫ਼ਲ ਰਹੀ ਹੈ। ਉੱਥੇ ਹੀ ਕੇਂਦਰ ਸਰਕਾਰ ਵੱਲੋਂ ਵੀ ਇਸ ਸਥਿਤੀ ਨਾਲ ਨਿਪਟਣ ਲਈ ਪੰਜਾਬ ਨੂੰ ਕਿਸੇ ਪ੍ਰਕਾਰ ਦਾ ਵਿੱਤੀ ਪੈਕੇਜ ਨਹੀਂ ਦਿੱਤਾ ਗਿਆ। ਉਹਨਾਂ ਆਖਿਆ ਕਿ ਹੜ੍ਹਾਂ ਕਾਰਨ ਵਾਪਰੀ ਤਬਾਹੀ ਨੂੰ ਸਿਰਫ਼ ਕੁਦਰਤੀ ਆਫ਼ਤ ਨਹੀਂ ਕਿਹਾ ਜਾ ਸਕਦਾ। ਕਿਉਂਕਿ ਇੱਕ ਪਾਸੇ ਪੰਜਾਬ ਧਰਤੀ ਹੇਠਲੇ ਪਾਣੀ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ। ਉੱਥੇ ਬਾਰਿਸ਼ਾਂ ਦੇ ਦਿਨਾਂ ਵਿੱਚ ਵਾਧੂ ਪਾਣੀ ਦੀ ਸੰਭਾਲ ਲਈ ਸਰਕਾਰਾਂ ਲੋੜੀਂਦਾ ਢਾਂਚਾ ਨਹੀਂ ਉਸਾਰ ਸਕੀਆਂ ਅਤੇ ਅਣਕਿਆਸੇ ਹੜ੍ਹਾਂ ਨੂੰ ਰੋਕਣ ਲਈ ਲੋੜੀਂਦੇ ਪ੍ਰਬੰਧ ਕਰਨ ਵੱਲ ਵੀ ਦੋਵਾਂ ਸਰਕਾਰਾਂ ਦਾ ਕੋਈ ਧਿਆਨ ਨਹੀਂ ਹੈ। ਆਗੂਆਂ ਨੇ ਕਿਹਾ ਕਿ ਸੂਬਾ ਕਮੇਟੀ ਦੇ ਫੈਸਲੇ ਤਹਿਤ ਹੜ ਪ੍ਰਭਾਵਿਤ ਲੋਕਾਂ ਤੱਕ ਮੱਦਦ ਲਈ ਕਪੂਰਥਲਾ ਦੇ ਅਧਿਆਪਕਾਂ/ਮੁਲਾਜ਼ਮਾਂ ਵੱਲੋਂ ਲਗਾਤਾਰ ਸਹਾਇਤਾ ਇਕੱਤਰ ਕੀਤੀ ਜਾ ਰਹੀ ਹੈ ਤਾਂ ਕਿ ਸੂਬਾ ਕਮੇਟੀ ਰਾਹੀਂ ਪ੍ਰਭਾਵਿਤ ਇਲਾਕਿਆਂ ਵਿੱਚ ਭੇਜੀ ਜਾ ਸਕੇ। ਇਸ ਮੌਕੇ ਡੀ.ਐਮ.ਐੱਫ. ਆਗੂ ਤਜਿੰਦਰ ਸਿੰਘ, ਡੀ.ਟੀ.ਐੱਫ. ਆਗੂ ਜੈਮਲ ਸਿੰਘ, ਸੁਖਪਾਲ ਸਿੰਘ, ਪਵਨ ਕੁਮਾਰ, ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਗੌਰਮਿੰਟ ਟੀਚਰਜ਼ ਯੂਨੀਅਨ ਤੇ ਬੀ.ਐਡ. ਫਰੰਟ ਫਗਵਾੜਾ ਦੇ ਆਗੂਆਂ ਵੱਲੋਂ ਆਰਜੀ ਬੰਨ੍ਹ ਤੇ ਚੱਲ ਰਹੀ ਸੇਵਾ ਵਿੱਚ ਯੋਗਦਾਨ ਪਾਇਆ

●1 ਲੱਖ ਦੀ ਰਾਸ਼ੀ ਭੇਂਟ ਕਰਨ ਦੇ ਨਾਲ ਭਵਿੱਖ ਵਿੱਚ ਹਰ ਸੰਭਵ ਸਹਾਇਤਾ ਦਾ ਭਰੋਸਾ ●ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀਏ- ਦਲਜੀਤ ਸਿੰਘ ਸੈਣੀ



**ਕਪੂਰਥਲਾ ( ਕੌੜਾ )** - ਇਲਾਕਾ ਨਿਵਾਸੀਆਂ ਵੱਲੋਂ ਪਿੰਡ ਬਾਜੇ ਤੋਂ ਮੰਡ ਖਿਜਰਪੁਰ ਤੱਕ 5 ਤੋਂ 6 ਹਜ਼ਾਰ ਏਕੜ ਝੋਨੇ ਦੀ ਫਸਲ ਨੂੰ ਬਚਾਉਣ ਲਈ ਅੱਠ ਕਿਲੋਮੀਟਰ ਲੰਬੇ ਆਰਜੀ ਬੰਨ੍ਹ ਨੂੰ ਟੁੱਟਣ ਤੋਂ ਬਚਾਉਣ ਲਈ ਸੰਤ ਬਾਬਾ ਜੈ ਸਿੰਘ ਮਹਿਮਦਵਾਲ ਵਾਲਿਆਂ ਦੀ ਅਗਵਾਈ ਹੇਠ ਚੱਲ ਰਹੀ ਕਾਰ ਸੇਵਾ ਵਿੱਚ ਫਗਵਾੜਾ ਤੋਂ ਗੌਰਮਿੰਟ ਟੀਚਰ ਯੂਨੀਅਨ ਅਤੇ ਬੀ.ਐਡ. ਫਰੰਟ ਫਗਵਾੜਾ ਦੇ ਸਹਿਯੋਗ ਨਾਲ ਅਤੇ ਕਪੂਰਥਲਾ ਦੇ ਬਾਕੀ ਅਧਿਆਪਕਾਂ ਅਤੇ ਦਾਨੀ ਸੱਜਣਾ ਵੱਲੋਂ 1ਲੱਖ ਰੁਪਏ ਦੀ ਇਕੱਤਰ ਕੀਤੀ ਸਹਾਇਤਾ ਰਾਸ਼ੀ ਸਾਡੇ ਆਗੂ ਦਲਜੀਤ ਸਿੰਘ ਸੈਣੀ ਫਗਵਾੜਾ , ਪਰਮਜੀਤ ਸਿੰਘ ਚੌਹਾਨ ਫਗਵਾੜਾ ,ਰਾਮ ਵਰਮਾ ਫਗਵਾੜਾ ਵੱਲੋ ਬਲਾਕ ਫਗਵਾੜਾ ਸ੍ਰੀ ਗੋਇੰਦਵਾਲ ਸਾਹਿਬ ਪੁਲ ਤੋਂ ਪਿੰਡ ਬਾਜਾ ਤੱਕ ਚੱਲ ਰਹੀ ਮਿੱਟੀ ਪਾਉਣ ਦੀ ਸੇਵਾ ਲਈ ਦਿੱਤੇ । ਗੋਰਮਿੰਟ ਟੀਚਰਜ਼ ਯੂਨੀਅਨ ਦੇ ਉਕਤ ਆਗੂਆਂ ਨੇ ਦੱਸਿਆ ਕਿ ਬਿਆਸ ਦਰਿਆ ਵਿੱਚ ਪਾਣੀ ਦਾ ਪੱਧਰ ਬਹੁਤ ਜਿਆਦਾ ਵੱਧ ਜਾਣ ਕਾਰਨ ਇਸ ਆਰਜੀ ਬੰਨ੍ਹ ਦੀ ਹਾਲਤ ਬਹੁਤ ਖਸਤਾ ਹੋ ਗਈ ਸੀ। ਇਲਾਕਾ ਨਿਵਾਸੀਆਂ ਵੱਲੋਂ ਇਸ ਆਰਜੀ ਬੰਨ ਨੂੰ ਬਚਾਉਣ ਲਈ ਲਗਾਤਾਰ ਮਿੱਟੀ ਦੇ ਬੋਰੇ ਭਰ ਕੇ ਨਾਲ ਲਾਏ ਜਾ ਰਹੇ ਹਨ। ਉਹਨਾਂ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੂਬਾਈ ਆਗੂ ਰਸ਼ਪਾਲ ਸਿੰਘ ਵੜੈਚ ਵੱਲੋਂ ਕੀਤੀ ਅਪੀਲ ਤੋਂ ਬਾਅਦ ਗੌਰਮਿੰਟ ਟੀਚਰਜ਼ ਯੂਨੀਅਨ ਕਪੂਰਥਲਾ ਦੇ ਆਗੂਆਂ ਜਿਹਨਾਂ ਵਿੱਚ ਗੁਰਮੇਜ ਸਿੰਘ ਤਲਵੰਡੀ ਚੌਧਰੀਆਂ ਨੇ 5 ਹਜ਼ਾਰ, ਕੰਵਲਪ੍ਰੀਤ ਸਿੰਘ ਕੌੜਾ ਨੇ 5 ਹਜ਼ਾਰ ਦੀ ਆਰਥਿਕ ਮਦਦ ਕੀਤੀ। ਇਸ ਮੌਕੇ ਗੌਰਮੈਂਟ ਟੀਚਰ ਯੂਨੀਅਨ ਦੇ ਸੀਨੀਅਰ ਆਗੂ ਦਲਜੀਤ ਸਿੰਘ ਸੈਣੀ ਨੇ ਕਿਹਾ ਕਿ ਅੱਜ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀਏ। ਉਹਨਾਂ ਨੇ ਕਿਹਾ ਮੌਜੂਦਾ ਸਮੇਂ ਦੌਰਾਨ ਭਾਰੀ ਬਾਰਿਸ਼ਾਂ ਕਾਰਨ ਸਥਿਤੀ ਵਿਗੜਦੀ ਜਾ ਰਹੀ ਹੈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਰਘਬੀਰ ਸਿੰਘ ਮਹਿਰਵਾਲਾ ਨੇ ਕਿਹਾ ਕਿ ਸਰਕਾਰਾਂ ਦੀ ਨਲਾਇਕੀ ਕਾਰਨ ਹੀ ਅੱਜ ਕਿਸਾਨਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਸਰਕਾਰਾਂ ਨੇ ਦਰਿਆਵਾਂ ਦੀ ਸਫਾਈ ਅਤੇ ਬੰਨਾਂ ਦੀ ਮਜਬੂਤੀ ਕੀਤੀ ਹੁੰਦੀ ਤਾਂ ਅੱਜ ਕਿਸਾਨਾਂ ਨੂੰ ਸਖਤ ਮਿਹਨਤ ਕਰਕੇ ਆਪਣੇ ਬੰਨਾਂ ਦੀ ਰਖਵਾਲੀ ਨਾ ਕਰਨੀ ਪੈਂਦੀ ।ਇਸ ਮੌਕੇ ਸੂਬਾਈ ਆਗੂ ਰਸ਼ਪਾਲ ਸਿੰਘ ਨੇ ਸਮੂਹ ਅਧਿਆਪਕ ਸਾਥੀਆਂ ਦਾ ਸਹਿਯੋਗ ਦੇਣ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਡਾਕਟਰ ਗੁਰਮੀਤ ਸਿੰਘ ਕਲਰਮਾਜ਼ਰੀ ਦੀਆਂ ਤਿੰਨ ਕਿਤਾਬਾਂ ਨੂੰ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀ ਮਹੀਨਾਵਾਰ ਮੀਟਿੰਗ 'ਚ ਰਿਲੀਜ਼ ਕੀਤਾ ਗਿਆ

**ਬੰਗਾ( ਚਰਨਜੀਤ ਸੱਲ੍ਹਾਂ )** ਡਾਕਟਰ ਗੁਰਮੀਤ ਸਿੰਘ ਕ ਲ ਰ ਮ ਾ ਜ਼ ਰ ੀ (ਪਟਿਆਲਾ) ਦੀਆਂ ਤਿੰਨ ਕਿਤਾਬਾਂ, "ਜਿਥੇ ਬਾਬਾ ਪੈਰ ਧਰਿ" (ਕਾਵਿ ਸੰਗ੍ਰਹਿ), "ਠੰਡੇ ਬੁਰਜ ਦਾ ਹਲਫੀਆ ਬਿਆਨ " (ਕਾਵਿ ਸੰਗ੍ਰਹਿ) ਅਤੇ ਆਦਿ ਧਰਮ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਗ਼ਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਅਤੇ ਆਦਿ-ਧਰਮ (ਮੌਲਿਕ ਲਿਖਤਾਂ) ਨੂੰ 31 ਅਗਸਤ 2025 ਨੂੰ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀ ਮਹੀਨਾਵਾਰ ਮੀਟਿੰਗ 'ਚ ਸਭਾ





ਦੇ ਪ੍ਰਧਾਨ ਹਰਭਜਨ ਸਿੰਘ ਢੇਰੀ, ਸਾਬਕਾ ਪ੍ਰਧਾਨ ਦਲਵੀਰ ਸਿੰਘ ਨਿੱਜਰ (ਦਿੱਲ ਨਿੱਜਰ), ਜਨਰਲ ਸਕੱਤਰ ਜਯੋਤੀ ਸਿੰਘ ਅਤੇ ਅੰਬੇਦਕਰ ਟਾਈਮਜ਼ (ਇੰਗਲਿਸ਼) ਅਤੇ ਦੇਸ਼ ਦੁਆਬਾ (ਪੰਜਾਬੀ) ਅਖਬਾਰਾਂ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਰਿਲੀਜ਼ ਕਰਦੇ ਹੋਏ।

# ਜਵੱਦੀ ਟਕਸਾਲ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਹਤ ਸਮੱਗਰੀ ਦੇ ਭਰੇ ਚਾਰ ਟਰੱਕ ਰਵਾਨਾ ਕੀਤੇ

## ਬਿਪਤਾ ਦੇ ਵਕਤ 'ਚ ਪੀੜਤਾਂ ਦੇ ਨਾਲ ਖੜੀਏ, ਸਿਰ ਆਈ ਆਫਤ ਨਾਲ ਨਜਿੱਠਣਾ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ- ਸੰਤ ਅਮੀਰ ਸਿੰਘ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)-** ਗੁਰਬਾਣੀ ਪ੍ਰਚਾਰ ਪਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਨਿਰੰਤਰ ਸੇਵਾਵਾਂ ਨਿਭਾਉਣ ਵਾਲੀ ਜਵੱਦੀ ਟਕਸਾਲ ਵੱਲੋਂ ਅੱਜ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਪੀੜਤ ਹੋਏ ਲੋਕਾਂ ਦੀ ਸਹਾਇਤਾ ਲਈ ਰਾਹਤ ਸਮੱਗਰੀ ਦੇ ਭਰੇ ਚਾਰ ਟਰੱਕ ਰਵਾਨਾ ਕੀਤੇ। ਇਸ ਮੌਕੇ ਟਕਸਾਲ ਦੇ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਕਿਹਾ ਕਿ "ਜਵੱਦੀ ਟਕਸਾਲ" ਕੌਮ ਦੀ ਆਪਣੀ ਸੰਸਥਾ ਹੈ, ਇਸ ਲਈ ਹਰ ਔਖੇ ਵੇਲੇ ਲੋਕਾਂ ਨਾਲ ਖੜਨਾ ਸਾਡਾ ਫਰਜ਼ ਬਣ ਜਾਂਦਾ ਹੈ, ਕਿ ਆਪਣੇ ਭੈਣ-ਭਰਾਵਾਂ ਦੀ ਸਹਾਇਤਾ ਲਈ ਕਦਮ ਵਧਾਈਏ। ਉਹਨਾਂ ਦੱਸਿਆ ਕਿ ਪ੍ਰਾਪਤ ਹੋ ਰਹੀਆਂ ਖਬਰਾਂ ਅਨੁਸਾਰ ਪੰਜਾਬ ਦੇ ਕਈ ਇਲਾਕੇ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ। ਜਿਸ ਕਰਕੇ ਲੱਖਾਂ ਏਕੜ ਫਸਲ ਤਬਾਹ ਹੋ ਚੁੱਕੀ ਹੈ, ਕੀਮਤੀ ਮਸ਼ੀਨਰੀ ਬਰਬਾਦ ਹੋ ਚੁੱਕੀ ਹੈ, ਹੱਸਦੇ ਵੱਸਦੇ ਘਰਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ, ਲੋਕਾਂ ਦਾ ਕੀਮਤੀ ਸਰਮਾਇਆ ਮਾਲ




ਡੰਗਰ ਹੜ੍ਹ ਦੇ ਪਾਣੀ ਵਿੱਚ ਰੁੜ ਗਿਆ ਹੈ। ਇਸ ਲਈ ਆਪਣੇ ਭੈਣ-ਭਰਾਵਾਂ ਦੇ ਰਹਿਣ-ਸਹਿਣ, ਖਾਣ-ਪੀਣ ਅਤੇ ਹੋਰ ਲੋੜੀਦੀਆਂ ਵਸਤਾਂ ਉਹਨਾਂ ਹੜ੍ਹ ਪੀੜਤਾਂ ਤੱਕ ਭੇਜਣ ਲਈ "ਜਵੱਦੀ ਟਕਸਾਲ" ਦੇ ਵਿਦਿਆਰਥੀ ਅਤੇ ਸੇਵਾਦਾਰ ਉਚੇਚੇ ਤੌਰ ਤੇ ਅੱਜ ਰਵਾਨਾ ਹੋਏ। ਇੱਕ ਸਵਾਲ ਦੇ ਜਵਾਬ ਵਿੱਚ ਬਾਬਾ ਜੀ ਨੇ ਦੱਸਿਆ ਕਿ ਰਾਹਤ ਸਮੱਗਰੀ 'ਚ ਤਰਪਾਲਾਂ, ਆਟਾ, ਚਾਵਲ, ਦਾਲਾਂ, ਚਾਹ ਪੱਤੀ, ਚੀਨੀ, ਸੁੱਕਾ ਦੁੱਧ, ਜੀਵਨ ਰਖਸ਼ਕ ਦਵਾਈਆਂ, ਬਿਸਤਰੇ, ਮੱਛਰ ਤੋਂ ਬਚਾਅ ਲਈ ਦਵਾਈਆਂ ਅਤੇ ਨਵੇਂ ਬਸਤਰ ਆਦਿ ਭੇਜੇ ਗਏ ਹਨ। ਉਨ੍ਹਾਂ ਪ੍ਰਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਗੁਰੂ ਸਾਹਿਬਾਨਾਂ ਦੀ ਵਰੋਸਾਈ ਧਰਤੀ ਪੰਜਾਬ ਦੇ ਲੋਕ ਲੇਹ ਲਦਾਖ, ਜੰਮੂ ਕਸ਼ਮੀਰ, ਕੇਰਲਾ, ਨੇਪਾਲ, ਮੇਘਾਲਿਆ, ਉਤਰਾਖੰਡ ਆਦਿ ਤੋਂ ਇਲਾਵਾ ਹਮੇਸ਼ਾਂ ਆਫਤਾਂ ਸਮੇਂ ਦੇਸ਼ ਦੁਨੀਆ ਅੰਦਰ ਪੀੜ੍ਹਤਾਂ ਨਾਲ ਖੜਦੇ ਆਏ ਹਨ, ਪਰ ਕਦੇ ਕੋਈ ਹੋਰ ਧਾਰਮਿਕ ਸੰਸਥਾ ਪੰਜਾਬੀਆਂ ਤੇ ਖਾਸਕਰ ਸਿੱਖਾਂ ਲਈ ਅੱਗੇ ਕਿਉਂ ਨਹੀਂ ਆਈ। ਇਸ ਕਰਕੇ ਹਜ਼ਾਰਾਂ ਲੋਕ ਜੋ ਬੇਘਰ ਹੋ ਚੁੱਕੇ ਨੇ, ਇਸੇ ਤਰ੍ਹਾਂ ਬੇਜਵਾਨ ਪਸ਼ੂ ਪਾਣੀ ਦੀ ਮਾਰ ਹੇਠ ਆ ਚੁੱਕੇ ਨੇ, ਬਿਪਤਾ ਦੇ ਇਸ ਵਕਤ ਵਿੱਚ ਅਸੀਂ ਉਹਨਾਂ ਪੀੜ੍ਹਤਾਂ ਦੇ ਨਾਲ ਖੜੀਏ, ਸਿਰ ਆਈ ਆਫਤ ਨਾਲ ਨਜਿੱਠਣਾ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ। ਪਲੈਟੀਨਮ ਲੇਨ ਦੁੱਗਰੀ, ਗਗਨਦੀਪ ਸਿੰਘ (ਖਾਲਸਾ ਪਰਿਵਾਰ), ਜਗਜੀਤ ਸਿੰਘ ਭੰਮ ਜਵੈਲਰ, ਅਨਮੋਲ ਕਾਰ ਬਜ਼ਾਰ ਅਤੇ ਪਰਮਜੀਤ ਸਿੰਘ ਵੱਲੋਂ ਵਿਸ਼ੇਸ਼ ਸਹਿਯੋਗ ਕੀਤਾ ਗਿਆ।

# ਬਾਰਿਸ ਦੇ ਚੱਲਦਿਆਂ ਬੀਤੀ ਰਾਤ ਰਾਏਕੋਟ ਸ਼ਹਿਰ ਵਿੱਚ ਦੋ ਖਸਤਾਹਾਲ ਇਮਾਰਤਾਂ ਢਹਿ ਢੇਰੀ ਹੋ ਗਈਆਂ

## ●ਪਿੰਡ ਬੁਰਜ ਹਰੀ ਸਿੰਘ ਵਿਖੇ ਵੀ ਇਕ ਬਜ਼ੁਰਗ ਵਿਧਵਾ ਔਰਤ ਦੇ ਮਕਾਨ ਦੀ ਛੱਤ ਡਿੱਗ ਪਈ ●ਪਿੰਡ ਬੋਪਾਰਾਏ ਖੁਰਦ ਵਿਖੇ ਵੀ ਇੱਕ ਮਕਾਨ ਦੀ ਛੱਤ ਡਿੱਗਣ ਦੀ ਖਬਰ ਹੈ ●ਨਾਲ ਇੰਨ੍ਹਾਂ ਇਮਾਰਤਾਂ ਦੀ ਚਪੇਟ ਵਿੱਚ ਆਉਣ ਤੋਂ ਲੋਕਾਂ ਦਾ ਬਚਾਅ ਰਿਹਾ।

**ਰਾਏਕੋਟ ਗੁਰਭਿੰਦਰ ਗੁਰੀ** ਤੜਕਸਾਰ ਹੋਈ ਜ਼ੋਰਦਾਰ ਬਾਰਿਸ਼ ਨੇ ਲੋਕਾਂ ਦੀਆਂ ਪ੍ਰੇਸ਼ਾਨੀਆਂ ਵਿੱਚ ਹੋਰ ਵਾਧਾ ਕਰ ਦਿੱਤਾ ਹੈ। ਪਿਛਲੇ ਕਈ ਦਿਨਾਂ ਤੋਂ ਹੋ ਰਹੀ ਬਰਿਸ਼ ਕਾਰਨ ਇਲਾਕਾ ਨਿਵਾਸੀ ਪਹਿਲਾਂ ਹੀ ਕਾਫੀ ਪ੍ਰੇਸ਼ਾਨ ਸਨ, ਦੇਰ ਰਾਤ ਦੀ ਬਾਰਿਸ਼ ਉਨ੍ਹਾਂ ਲਈ ਮੁਸਬੀਤਾਂ ਦੇ ਪਹਾੜ ਲੈ ਕੇ ਆਈ। ਇਸ ਬਾਰਿਸ ਦੇ ਚੱਲਦਿਆਂ ਬੀਤੀ ਰਾਤ ਰਾਏਕੋਟ ਸ਼ਹਿਰ ਵਿੱਚ ਦੋ ਖਸਤਾਹਾਲ ਇਮਾਰਤਾਂ ਢਹਿ ਢੇਰੀ ਹੋ ਗਈਆਂ, ਪ੍ਰੰਤੂ ਖੁਸ਼ਕਿਸਮਤੀ ਨਾਲ ਇੰਨ੍ਹਾਂ ਇਮਾਰਤਾਂ ਦੀ ਚਪੇਟ ਵਿੱਚ ਆਉਣ ਤੋਂ ਲੋਕਾਂ ਦਾ ਬਚਾਅ ਰਿਹਾ। ਸ਼ਹਿਰ ਦੇ ਮੁਹੱਲਾ ਅੱਗਰਵਾਲ ਵਿਖੇ ਸੁਨੀਲ ਗਰਗ ਨਾਮਕ ਵਿਅਕਤੀ ਦੀ ਇੱਕ ਖਸਤਾਹਾਲ ਇਮਰਾਤ ਅੱਜ ਸਵੇਰੇ ਅਚਾਨਕ ਢਹਿ ਢੇਰੀ ਹੋ ਗਈ, ਇਸ ਤੋਂ ਇਲਾਵਾ ਬੀਤੀ ਰਾਤ ਸਥਾਨਕ ਥਾਣਾ ਬਜ਼ਾਰ ਨੇੜੇ ਇੱਕ





ਦੁਕਾਨ ਦਾ ਉੱਪਰੀ ਹਿੱਸਾ ਢਹਿ ਕੇ ਬਜਾਰ ਵਿੱਚ ਜਾ ਡਿੱਗਾ, ਰਾਤ ਦਾ ਸਮਾਂ ਹੋਣ ਕਰਕੇ ਬਜ਼ਾਰ ਖਾਲੀ ਸੀ, ਜਿਸ ਕਰਕੇ ਕਿਸੇ ਕਿਸਮ ਦਾ ਨੁਕਸਾਨ ਹੋਣ ਤੋਂ ਬੱਚ ਗਿਆ। ਪ੍ਰੰਤੂ ਇੰਨ੍ਹਾਂ ਘਟਨਾਵਾਂ ਕਾਰਨ ਇਲਾਕੇ ਦੀ ਬਿਜ਼ਲੀ ਸਪਲਾਈ ਬੁਰੀ ਤਰਾਂ ਪ੍ਰਭਾਵਿਤ ਹੋਈ ਹੈ, ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਨੇੜਲੇ ਪਿੰਡ ਬੁਰਜ ਹਰੀ ਸਿੰਘ ਵਿਖੇ ਵੀ ਇਕ ਬਜ਼ੁਰਗ ਵਿਧਵਾ ਔਰਤ ਦੇ ਮਕਾਨ ਦੀ ਛੱਤ ਡਿੱਗ ਪਈ। ਵਿਧਵਾ ਨਛੱਤਰ ਕੌਰ ਇਸ ਮਕਾਨ ਵਿੱਚ ਆਪਣੇ ਅਪਾਹਿਜ ਬੇਟੇ ਜੋਗਿੰਦਰ ਸਿੰਘ ਨਾਲ ਰਹਿ ਰਹੀ ਸੀ। ਇਸ ਤੋਂ ਇਲਾਵਾ ਪਿੰਡ ਬੋਪਾਰਾਏ ਖੁਰਦ ਵਿਖੇ ਵੀ ਇੱਕ ਮਕਾਨ ਦੀ ਛੱਤ ਡਿੱਗਣ ਦੀ ਖਬਰ ਹੈ।

# NRI ਸਮਾਜ ਸੇਵਾ ਕਰਨ ਵਾਲੇ ਸਾਥੀਆਂ ਨੂੰ ਸਨਿਮਰ ਬੇਨਤੀ

**ਬੰਗਾ( ਚਰਨਜੀਤ ਸੱਲ੍ਹਾਂ )** ਸਮਾਜ ਨੂੰ ਉੱਪਰ ਚੁੱਕਣ ਲਈ ਹਰ ਖੇਤਰ ਵਿੱਚ ਕੰਮ ਕਰਨ ਦੀ ਲੋੜ ਹੈ। Begampura iAd Internaitonal ਸਮਾਜ ਸੇਵਾ ਦੇ ਕਾਰਜ ਨੂੰ ਬਹੁੱਤ ਹੀ ਸ਼ਿੱਦਤ ਅਤੇ ਸਮਰਪਤ ਭਾਵਨਾ ਨਾਲ ਨਿਭਾਉਣ ਦਾ ਯਤਨ ਕਰ ਰਹੀ ਹੈ ਪਰ ਇਹ ਕੰਮ ਕੁੱਝ ਕੁ ਸਾਥੀਆਂ ਦੇ ਕਰਨ ਦਾ ਨਹੀਂ ਹੈ। ਇਸ ਲਈ ਜਿਹੜੇ ਸਾਥੀਆਂ ਨੂੰ ਸਮਾਜ ਸੇਵਾ ਵਾਲਾ ਇਹ ਕਾਰਜ ਸਭ ਤੋਂ ਉੱਤਮ ਲਗਦਾ ਹੈ ਉਹ ਤਨ ਮਨ ਧੰਨ ਨਾਲ ਡੱਟਕੇ ਇਸ ਸੰਸਥਾ ਦਾ ਸਾਥ ਦਿਓ ਜੀ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗਮਪੁਰੇ ਦੇ ਸੰਕਲਪ ਨੂੰ ਸਾਕਾਰ ਕਰਨ ਲਈ ਇਹ ਸਾਥੀ ਦਿਨ ਰਾਤ ਮਿਹਨਤ ਕਰ ਰਹੇ ਹਨ। ਮੈਂ ਸ਼ਾਇਦ ਪਹਿਲੀ ਵਾਰ ਕਿਸੇ ਸਮਾਜਿਕ ਸੰਸਥਾ ਨੂੰ ਸਪੋਰਟ ਕਰਨ ਲਈ ਬੇਨਤੀ ਕਰ ਰਿਹਾ ਹੋਵਾਂਗਾ। ਇਸ ਨੇਕ ਕਾਰਜ ਲਈ ਮੈਂ ਆਪਣੇ ਵਲੋਂ ਵੀ 51,000 ਰੁਪਏ ਦੀ









ਮਦਦ ਸੰਸਥਾ ਨੂੰ ਭੇਜ ਰਿਹਾ ਹਾਂ। ਮਦਦ ਲਈ ਸੰਸਥਾ ਦੇ ਸੰਸਥਾਪਕ Ram Singh Mahgara ਜੀ ਨਾਲ ਤੁਸੀਂ ਸਿੱਧਾ ਸੰਪਰਕ ਕਰ ਸਕਦੇ ਹਾਂ ਇਹ ਜਾਣਕਾਰੀ ਪ੍ਰੈਸ ਨੂੰ ਅਮਰ ਦੜੋਚ ਨੇ ਦਿੱਤੀ।


# ਹੜ੍ਹ ਪੀੜਤਾਂ ਦੀ ਹਰ ਸੰਭਵ ਮੱਦਦ, ਡਿੱਗੇ ਤੇ ਨੁਕਸਾਨੇ ਗਏ ਮਕਾਨਾਂ ਦਾ ਮੁਆਵਜ਼ਾ ਦੇਵੇ ਸਰਕਾਰ-ਪ੍ਰਧਾਨ ਰਜਿੰਦਰ ਸਿੰਘ, ਭਾਰਦਵਾਜ ਤੇ ਪੁਰੇਵਾਲ

**ਫਿਲੌਰ/ਅੱਪਰਾ (ਦੀਪਾ)**-ਅੱਜ ਅੱਪਰਾ ਵਿਖੇ ਮੀਡੀਆ ਦੇ ਰੂਬਰੂ ਹੁੰਦੇ ਹੋਏ ਪ੍ਰਧਾਨ ਰਜਿੰਦਰ ਸਿੰਘ ਸਾਬਕਾ ਕਾਨੂੰਨਗੋ ਮੁਕੰਦਪੁਰ, ਵਿਨੋਦ ਭਾਰਦਵਾਜ ਮੋਰੋਂ ਤੇ ਸੁਲੱਖਣ ਸਿੰਘ ਪੁਰੇਵਾਲ ਨੇ ਕਿਹਾ ਕਿ ਕੇਂਦਰ ਤੇ ਰਾਜ ਸਰਕਾਰ ਨੂੰ ਹਰ ਪੀੜਤਾਂ ਦੀ ਹਰ ਸੰਭਵ ਮੱਦਦ ਕਰਨੀ ਚਾਹੀਦੀ ਹੈ । ਉਨਾਂ ਕਿਹਾ ਕਿ ਇਹ ਕਿਸ ਤਰਾਂ ਦੀ ਅਣਹੋਣੀ ਹੈ ਕਿ ਬੇਟ ਖੇਤਰ ਦੇ ਦਰਿਆਵਾਂ ਦੇ ਕਿਨਾਰੇ ਵਸਦੇ ਤੇ ਜ਼ਮੀਨ ਵਾਹੁੰਦੇ ਲੋਕਾਂ ਨੂੰ ਹਰ ਸਾਲ ਕੁਦਰਤੀ ਕਾਰੋਪੀ ਦੀ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਣ ਉਕਤ ਲੋਕ ਆਰਥਿਕ ਤੌਰ 'ਤੇ ਬਹੁਤ ਹੀ ਕਮਜੋਰ ਹੋ ਚੁੱਕੇ । ਉਨਾਂ ਅੱਗੇ ਕਿਹਾ ਕਿ





ਵਿਨੋਦ ਭਾਰਦਵਾਜ ਮੋਰੋਂ



ਜਿਨਾਂ ਪੀੜਤਾਂ ਦੇ ਮਕਾਨਾਂ ਦੀਆਂ ਛੱਤਾਂ ਡਿੱਗ ਚੁੱਕੀਆਂ ਹਨ, ਉਨਾਂ ਦੀ ਸਰਕਾਰ ਨੂੰ ਪਹਿਲ ਦੇ ਆਧਾਰ 'ਤੇ ਮੱਦਦ ਕਰਨੀ ਚਾਹੀਦੀ ਹੈ । ਇਸ ਲਈ ਸਰਕਾਰ ਨੂੰ ਇਨਾਂ ਲੋਕਾਂ ਲਈ ਵਿਸ਼ੇਸ਼ ਪੈਕੇਜ ਦੇ ਕੇ ਇਨਾਂ ਨੂੰ ਦੁਬਾਰਾ ਆਰਥਿਕ ਪੱਖੋਂ ਮਜਬੂਤ ਕਰਨਾ ਚਾਹੀਦਾ ਹੈ ਤਾਂ ਕਿ ਉਹ ਸਮਾਜ ਲਈ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿਣ ।

# ਵਿਧਾਇਕ ਜਿੰਪਾ ਨੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਵੰਡੀ ਰਾਹਤ ਸਮੱਗਰੀ

## ਸੰਕਟ ਦੀ ਇਸ ਘੜੀ 'ਚ ਸਰਕਾਰ ਅਤੇ ਸਮਾਜਿਕ ਸੰਗਠਨ ਲੋਕਾਂ ਦੇ ਨਾਲ ਖੜ੍ਹੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਆਪਣੇ ਦਫ਼ਤਰ ਵਿਚ ਇਲਾਕੇ ਦੇ ਲੋੜਵੰਦ ਅਤੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਵੰਡੀ। ਇਸ ਦੌਰਾਨ ਉਨ੍ਹਾਂ ਪ੍ਰਭਾਵਿਤ ਪਰਿਵਾਰਾਂ ਨੂੰ ਤਰਪਾਲਾਂ ਅਤੇ ਰਾਸ਼ਨ ਦਿੱਤਾ ਅਤੇ ਭਰੋਸਾ ਦਿੱਤਾ ਕਿ ਕਿਸੇ ਵੀ ਲੋੜਵੰਦ ਨੂੰ ਇਕੱਲਾ ਨਹੀਂ ਛੱਡਿਆ ਜਾਵੇਗਾ। ਵਿਧਾਇਕ ਜਿੰਪਾ ਨੇ ਕਿਹਾ ਕਿ ਹਾਲ ਹੀ ਵਿਚ ਹੋਈ ਭਾਰੀ ਬਾਰਿਸ਼ ਕਾਰਨ ਸੂਬੇ ਦੇ ਕਈ ਹਿੱਸਿਆਂ ਵਿਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿਚ ਵੀ ਕਈ ਪਰਿਵਾਰਾਂ ਦੇ ਘਰਾਂ ਅਤੇ ਰੋਜ਼ਾਨਾ ਵਰਤੋਂ ਦੇ ਸਾਮਾਨ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਔਖੇ ਸਮੇਂ



ਵਿਚ ਆਪਸੀ ਸਹਿਯੋਗ ਅਤੇ ਸੰਵੇਦਨਸ਼ੀਲਤਾ ਹੀ ਅਸਲ ਤਾਕਤ ਹੈ। ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਮਾਜ ਦੇ ਸਮਰੱਥ ਲੋਕਾਂ ਨੂੰ ਅੱਗੇ ਆ ਕੇ ਹਰ ਸੰਭਵ ਤਰੀਕੇ ਨਾਲ ਅਤਿ ਲੋੜਵੰਦ ਪਰਿਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਇਕ-ਦੂਜੇ ਦਾ ਸਹਿਯੋਗ ਕਰਨ ਦਾ ਸਮਾਂ ਹੈ। ਅਸੀਂ ਸਾਰੇ ਮਿਲ ਕੇ ਇਸ ਸੰਕਟ ਨੂੰ ਦੂਰ ਕਰਾਂਗੇ। ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਲਗਾਤਾਰ ਦੌਰਾ ਕਰ ਰਹੀ ਹੈ ਅਤੇ ਰਾਹਤ ਕਾਰਜਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਹਰ ਪ੍ਰਭਾਵਿਤ ਵਿਅਕਤੀ ਨੂੰ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਮਾਜਿਕ ਸੰਗਠਨਾਂ ਦੀ ਸਰਗਰਮ ਭੂਮਿਕਾ ਦੀ ਵੀ ਸ਼ਲਾਘਾ ਕੀਤੀ, ਜੋ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ, ਸਿਹਤ ਸੇਵਾਵਾਂ ਅਤੇ ਹੋਰ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਵਿਚ ਦਿਨ-ਰਾਤ ਲੱਗੇ ਹੋਏ ਹਨ।

# ਝੂਠੇ ਕੇਸਾਂ ਵਿਚ ਫਸਾਏ ਨੌਜਵਾਨ ਜਮਹੂਰੀ ਕਾਮਿਆਂ ਦੀ ਰਿਹਾਈ ਲਈ ਦੇਸ਼ ਭਗਤਾਂ ਉਠਾਈ ਆਵਾਜ਼

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਦੀ ਅੱਜ ਹੋਈ ਹੰਗਾਮੀ ਬੈਠਕ ਵਿਚ ਪਾਸ ਇੱਕ ਮਤੇ ਰਾਹੀਂ ਨਿਆਂ ਪਾਲਿਕਾ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਸਾਬਕਾ ਵਿਦਿਆਰਥੀ ਆਗੂ ਉਮਰ ਖ਼ਾਲਿਦ ਸਮੇਤ 9 ਜ਼ਹੀਨ ਕਾਰਕੁਨਾਂ ਦੀ ਜ਼ਮਾਨਤ ਦੀ ਅਰਜ਼ੀ ਦਿੱਲੀ ਹਾਈਕੋਰਟ ਵੱਲੋਂ ਰੱਦ ਕੀਤੇ ਜਾਣਾ ਬੇਹੱਦ ਅਫ਼ਸੋਸਜਨਕ ਹੈ । ਹਾਈਕੋਰਟ ਦੇ ਬੈਂਚ ਦਾ ਇਹ ਫ਼ੈਸਲਾ ਨਾ ਸਿਰਫ਼ ਭਾਰਤੀ ਨਿਆਂਪ੍ਰਣਾਲੀ ਦੇ ਦੋਹਰੇ ਮਿਆਰਾਂ ਨੂੰ ਦਰਸਾਉਂਦਾ ਹੈ ਸਗੋਂ ਇਹ ਨਾਗਰਿਕਾਂ ਦੇ ਮਨੁੱਖੀ ਹੱਕਾਂ ਦੀ ਵੀ ਖੁੱਲ੍ਹੀ ਉਲੰਘਣਾ ਹੈ। ਇਨ੍ਹਾਂ ਕਾਰਕੁਨਾਂ ਨੂੰ ਘੱਟਗਿਣਤੀ ਮੁਸਲਮਾਨਾਂ ਵਿਰੋਧੀ ਫਿਰਕਾਪ੍ਰਸਤ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਜਨਤਕ ਜਮਹੂਰੀ ਅੰਦੋਲਨ ਵਿਚ ਹਿੱਸਾ ਲੈਣ ਦਾ ਸਬਕ ਸਿਖਾਉਣ ਲਈ ਅੱਧੇ ਦਹਾਕੇ ਤੋਂ ਬਿਨਾਂ ਮੁਕੱਦਮਾ ਚਲਾਏ, ਜੇਲ੍ਹ ਦੀਆਂ ਸਲਾਖਾਂ ਅੰਦਰ ਡੱਕ ਰੱਖਿਆ ਹੈ। ਯੂਏਪੀਏ ਅਤੇ ਹੋਰ ਬੇਹੱਦ ਸੰਗੀਨ ਧਾਰਾਵਾਂ ਲਗਾਈਆਂ ਹੋਣ ਕਾਰਨ ਸਿਰਫ ਸਫੂਰਾ ਜ਼ਰਗਰ, ਨਤਾਸ਼ਾ ਨਰਵਾਲ, ਦੇਵਾਂਗਨਾ ਕਲੀਤਾ, ਇਸ਼ਰਤ ਜਹਾਂ ਅਤੇ ਆਸਿਫ਼ ਇਕਬਾਲ ਤਨਹਾ ਹੀ ਜ਼ਮਾਨਤ ਲੈ ਸਕੇ ਜਦਕਿ ਸ਼ਰਜੀਲ ਇਮਾਮ, ਉਮਰ ਖਾਲਿਦ, ਅਥਾਰ ਖ਼ਾਨ, ਖ਼ਾਲਿਦ ਸੈਫ਼ੀ, ਗੁਲਫ਼ਿਸ਼ਾ ਫ਼ਾਤਿਮਾ, ਮੀਰਾਨ ਹੈਦਰ, ਸ਼ਿਫ਼ਾ - ਉਰ - ਰਹਮਾਨ, ਮੁਹੰਮਦ ਸਲੀਮ ਖ਼ਾਨ ਅਤੇ ਸ਼ਾਦਾਬ ਅਹਿਮਦ 2020 ਤੋਂ ਲੈ ਕੇ ਬਿਨਾਂ ਜ਼ਮਾਨਤ ਜੇਲ੍ਹਾਂ ਵਿੱਚ ਸੜ ਰਹੇ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ




ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈੱਸ ਬਿਆਨ ਵਿੱਚ ਕਿਹਾ ਹੈ ਕਿ ਇੱਕ ਬੰਨੇ ਬਲਾਤਕਾਰੀ, ਹਿੰਸਾ ਅਤੇ ਫਿਰਕੂ ਜ਼ਹਿਰ ਦੇ ਵਣਜਾਰੇ ਸ਼ਰੇਆਮ ਖੁੱਲ੍ਹੀ ਹਵਾ ਵਿੱਚ ਆਨੰਦ ਮਾਣ ਰਹੇ ਹਨ ,ਥੋੜ੍ਹੇ ਅਰਸੇ ਬਾਅਦ ਜ਼ਮਾਨਤ ਤੇ ਆ ਕੇ ਸਮਾਜ ਦੇ ਅਮਨ ਭਾਈਚਾਰੇ ਵਿੱਚ ਵੀ ਨਫ਼ਰਤ ਦੀਆਂ ਦੀਵਾਰਾਂ ਖੜ੍ਹੀਆਂ ਕਰਨ ਦਾ ਕੰਮ ਕਰਦੇ ਹਨ ਅਤੇ ਦੂਜੇ ਬੰਨੇ ਘੱਟਗਿਣਤੀ ਮੁਸਲਮਾਨ ਭਾਈਚਾਰੇ ਦੇ ਨਾਗਰਿਕਤਾ ਹੱਕ ਦੀ ਰਾਖੀ ਲਈ ਆਵਾਜ਼ ਉਠਾਉਣ ਵਾਲੇ ਧਰਮ ਨਿਰਪੱਖ, ਜਮਹੂਰੀ ਕਾਰਕੁਨ ਬਿਨਾਂ ਮੁਕੱਦਮਾ ਚਲਾਏ, ਬਿਨਾਂ ਕੋਈ ਦੋਸ਼ ਸਾਬਤ ਕੀਤੇ ਜੇਲ੍ਹਾਂ ਵਿਚ ਸਾੜੇ ਜਾ ਰਹੇ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਆਗੂਆਂ ਆਗੂਆਂ ਨੇ ਕਿਹਾ ਹੈ ਕਿ ਉੱਚ ਅਦਾਲਤਾਂ ਦੇ ਇਨ੍ਹਾਂ ਪੱਖਪਾਤੀ ਫ਼ੈਸਲਿਆਂ ਤੋਂ ਸਾਫ਼ ਜ਼ਾਹਿਰ ਹੈ ਕਿ ਭਾਰਤੀ ਨਿਆਂ ਪ੍ਰਣਾਲੀ ਸੱਤਾਧਾਰੀ ਆਰਐੱਸਐੱਸ-ਭਾਜਪਾ ਦੇ ਦਬਾਅ ਹੇਠ ਖੁੱਲ੍ਹੇਆਮ ਮੁਸਲਮਾਨ ਭਾਈਚਾਰੇ, ਸਮਾਜਿਕ ਜਮਹੂਰੀ ਅਤੇ ਧਰਮ- ਨਿਰਪੱਖ ਆਵਾਜ਼ਾਂ ਦੀ ਜ਼ੁਬਾਨ ਬੰਦੀ ਲਈ ਲੋਕਪੱਖੀ ਕਾਰਕੁਨਾਂ ਦੇ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਗ਼ਦਰੀ ਬਾਬਿਆਂ ਅਤੇ ਆਜ਼ਾਦੀ ਲਹਿਰ ਦੀਆਂ ਇਨਕਲਾਬੀ ਲਹਿਰਾਂ ਨੂੰ ਜਿਵੇਂ ਚੋਣਵਾ ਨਿਸ਼ਾਨਾ ਬਣਾਇਆ ਜਾਂਦਾ ਸੀ ਅੱਜ ਜਦੋਂ ਉਸਤੋਂ ਵੀ ਦੋ ਕਦਮ ਅੱਗੇ ਜਾ ਕੇ ਬੇਇਨਸਾਫ਼ੀ ਹੋ ਰਹੀ ਹੈ ਤਾਂ ਗ਼ਦਰੀ ਦੇਸ਼ ਭਗਤਾਂ, ਬੀਬੀ ਗੁਲਾਬ ਕੌਰ ਅਤੇ ਭਗਤ ਸਿੰਘ ਵਰਗੇ ਚਿੰਤਨਸ਼ੀਲ ਇਨਕਲਾਬੀਆਂ ਦੇ ਵਾਰਸਾਂ ਦਾ ਫਰਜ਼ ਬਣਦਾ ਹੈ ਕਿ ਉਹ ਨੌਜਵਾਨਾਂ ਦੀ ਬਿਨਾਂ ਸ਼ਰਤ ਰਿਹਾਈ ਲਈ ਨਿਆਂਪਾਲਿਕਾ ਅਤੇ ਹਕੂਮਤ ਅੱਗੇ ਜ਼ੋਰਦਾਰ ਢੰਗ ਨਾਲ ਇਹ ਹੱਕੀ ਆਵਾਜ਼ ਬੁਲੰਦ ਕਰਨ ਲਈ ਅੱਗੇ ਆਉਣ। ਦੇਸ਼ ਭਗਤ ਯਾਦਗਾਰ ਕਮੇਟੀ ਆਗੂਆਂ ਨੇ ਮੰਗ ਕੀਤੀ ਕਿ ਉਮਰ ਖ਼ਾਲਿਦ ਸਮੇਤ ਦਿੱਲੀ ਸਾਜ਼ਿਸ਼ ਕੇਸ ਅਤੇ ਹੋਰ ਝੂਠੇ ਕੇਸਾਂ ਵਿਚ ਜੇਲ੍ਹਾਂ ਵਿਚ ਡੱਕੇ ਸਾਰੇ ਜਮਹੂਰੀ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਸਾਰੇ ਝੂਠੇ ਕੇਸ ਰੱਦ ਕੀਤੇ ਜਾਣ, ਯੂ. ਏ. ਪੀ. ਏ ਅਤੇ ਹੋਰ ਕਾਲ਼ੇ ਕਾਨੂੰਨ ਰੱਦ ਕੀਤੇ ਜਾਣ ਅਤੇ ਲੋਕਾਂ ਦੇ ਜਮਹੂਰੀ ਹੱਕ ਬਹਾਲ ਕੀਤੇ ਜਾਣ।

# ਪੈਂਗੜਪੁਰ 'ਚ ਬੰਨ੍ਹ ਦੀ ਮਜ਼ਬੂਤੀ ਦਾ ਕੰਮ ਜੰਗੀ ਪੱਧਰ 'ਤੇ ਜਾਰੀ, ਸਥਿਤੀ ਕਾਬੂ ਹੇਠ - ਡਿਪਟੀ ਕਮਿਸ਼ਨਰ

## ਜ਼ਿਲਾ ਪ੍ਰਸ਼ਾਸਨ ਨੇ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਭਾਰਤੀ ਫੌਜ ਨਾਲ ਵੀ ਕੀਤਾ ਰਾਬਤਾ





**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਅੱਜ ਧੈਂਗੜਪੁਰ ਵਿਖੇ ਸਤਲੁਜ ਬੰਨ੍ਹ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਮੌਜੂਦਾ ਸਮੇਂ ਪਾਣੀ ਦਾ ਪੱਧਰ 65,000 ਕਿਊਸਿਕ ਹੈ ਅਤੇ ਹਾਲਾਤ ਪੂਰੀ ਤਰ੍ਹਾਂ ਕਾਬੂ ਹੇਠ ਹਨ। ਉਨ੍ਹਾਂ ਦੱਸਿਆ ਕਿ ਦੇਰ ਰਾਤ ਧੈਂਗੜਪੁਰ ਵਿਖੇ ਬੰਨ੍ਹ ਨੂੰ ਥੋੜੀ ਢਾਅ ਲੱਗੀ ਸੀ ਜਿਸਨੂੰ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਮੇਂ ਸਿਰ ਰੋਕ ਲਿਆ ਗਿਆ ਅਤੇ ਬੰਨ੍ਹ ਦੀ ਮਜ਼ਬੂਤੀ ਦਾ ਕੰਮ ਲਗਾਤਾਰ ਜਾਰੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ ਵਿਚ ਵੱਖ-ਵੱਖ ਵਿਭਾਗਾਂ ਦੀਆਂ ਟੀਮਾਂ ਸਮੇਤ ਪਿੰਡਾਂ ਦੇ ਵਸਨੀਕਾਂ ਵਲੌਂ ਲਗਾਤਾਰ ਕੰਮ ਕਰਦਿਆਂ ਬੰਨ੍ਹ ਨੂੰ ਠੀਕ ਕੀਤਾ ਜਾ ਰਿਹਾ ਹੈ । ਉਨ੍ਹਾਂ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਵੱਲੋਂ ਭਾਰਤੀ ਫ਼ੌਜ ਨਾਲ ਵੀ ਰਾਬਤਾ ਕੀਤਾ ਜਾ ਚੁੱਕਾ ਹੈ ਅਤੇ ਜੇਕਰ ਭਵਿੱਖ ਵਿਚ ਲੋੜ ਪੈਂਦੀ ਹੈ ਤਾਂ ਫੌਜ ਦੀਆਂ ਸੇਵਾਵਾਂ ਵੀ ਲਈਆਂ ਜਾਣਗੀਆਂ ਤਾਂ ਜੋ ਕਿਸੇ ਵੀ ਕਿਸਮ ਦਾ ਖਤਰਾ ਟਾਲਿਆ ਜਾ ਸਕੇ। ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਅਪੀਲ : ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫ਼ਵਾਹਾਂ ਤੋਂ ਸੁਚੇਤ ਰਹਿਣ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਵੱਖ-ਵੱਖ ਥਾਵਾਂ 'ਤੇ ਬੰਨ੍ਹ ਦੀ ਸਥਿਤੀ 'ਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਫਿਲਹਾਲ ਲੋਕਾਂ ਨੂੰ ਕਿਸੇ ਗੱਲ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ।

for more news visit:
www.samajweekly.com

# ਕਿਸਾਨ ਆਗੂ ਨੂੰ ਮੰਦਾ ਬੋਲਣ ਵਾਲੀ ਵਿਧਾਇਕਾਂ ਤੁਰੰਤ ਮੁਆਫੀ ਮੰਗੇ- ਅਰੋੜਾ, ਚੰਦੀ





**ਨਕੋਦਰ ( ਪੱਤਰ ਪ੍ਰੇਰਕ )** - ਰਾਤ ਹਲਕਾ ਵਿਧਾਇਕ ਨਕੋਦਰ ਬੀਬੀ ਇੰਦਰਜੀਤ ਕੌਰ ਮਾਨ ਨੇ ਆਪਣੇ ਹੰਕਾਰ ਨੂੰ ਬਾਹਰ ਕੱਢਦਿਆਂ ਇੱਕ ਕਿਸਾਨ ਆਗੂ ਨਾਲ ਮਾੜੀ ਸਬਦਾਂਵਲੀ ਵਰਤਣ ਦਾ ਗੰਭੀਰ ਨੋਟਿਸ ਲੈਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂਆਂ ਸੰਦੀਪ ਅਰੋੜਾ ਤੇ ਦਿਲਬਾਗ ਸਿੰਘ ਚੰਦੀ ਨੇ ਕਿਹਾ ਕਿ ਜੋ ਸ਼ਬਦ ਬੀਬੀ ਨੇ ਕਿਸਾਨ ਆਗੂ ਨੂੰ ਬੋਲੇ ਹਨ ਉਹਨਾਂ ਲਈ ਉਸਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਬੁਖਲਾਹਠ ਵਿੱਚ ਬੋਲੀਂ ਬੀਬੀ ਨੇ ਇਹ ਨਹੀਂ ਦੇਖਿਆ ਕਿ ਇਹ ਕਿਸਾਨ ਆਗੂ ਉਸਦੇ ਬਾਪ ਦੇ ਸਮਾਨ ਹੈ। ਤੇ ਇਹਨਾਂ ਹਰੀਆਂ ਲਾਲ ਪੀਲੀਆ ਪੱਗਾ ਵਾਲਿਆਂ ਨੇ ਪੰਜਾਬ ਪੰਜਾਬ ਨੂੰ ਬਰਬਾਦ ਹੋਣ ਤੋਂ ਬਚਾਅ ਲਿਆ ਨਹੀਂ ਤਾਂ ਤੇਰੀ ਸਰਕਾਰ ਵੀ ਉਸ ਕੇਂਦਰ ਦੀ ਸਰਕਾਰ ਦੇ ਰਾਹ ਤੇ ਚੱਲ ਕੇ ਲੈਂਡ ਪੂਲਿੰਗ ਪੋਲਸੀ ਤਹਿਤ ਕਿਸਾਨਾਂ ਮਜਦੂਰਾਂ ਦਾ ਉਜਾੜਾ ਕਰਨ ਉਤਰ ਆਈ ਸੀ। ਸਾਰੇ ਹਲਕਾ ਜਾਣਦਾ ਹੈ ਕਿ ਸ਼ਾਮ ਪੈਣ ਤੋਂ ਸਵੇਰ ਤੱਕ ਰੇਤਾਂ ਦੇ ਟਿਪਰ ਵੀ ਤੇਰੀ ਨਿਗਰਾਨੀ ਹੇਠ ਇਥੋਂ ਰੇਤਾਂ ਭਰਦੇ ਸੀ। ਇਸੇ ਕਰਕੇ ਤੈਨੂੰ ਜਿਆਦਾ ਫ਼ਿਕਰ ਪਿਆ ਬਾਕੀ ਗੱਲ ਜਾਣ ਪਹਿਚਾਣ ਦੀ ਬੀਬੀ ਜੀ ਇਹਨਾਂ ਬਾਬਿਆਂ ਨੇ, 13 ਮਹੀਨੇ 13 ਦਿਨ ਦਿੱਲੀ ਦੀਆਂ ਬਰੂਹਾਂ ਤੇ ਗੁਜਾਰੇ ਹਨ।ਦੁਨੀਆਂ ਜਾਣਦੀ ਇਹਨਾਂ ਨੂੰ ਤੂੰ ਆਪਣੀ ਗੱਲ ਕਰ ਤੈਨੂੰ ਤਿੰਨ ਸਾਲ ਪਹਿਲਾਂ ਕਿਹੜਾ ਜਾਣਦਾ ਸੀ। ਅੱਜ ਐਮ ਐਲ ਏ ਬਣਕੇ ਤੈਨੂੰ ਬੜਾ ਹੰਕਾਰ ਲੜ ਰਿਹਾ ਅਹੇ ਇਸ ਨੂੰ ਚੁੱਕ ਕੇ ਬਾਹਰ ਸਿੱਟੋ ਬੀਬੀ ਜੀ ਇਹ ਦਰਿਆ ਤੁਹਾਡੀ ਨਿੱਜੀ ਜਗੀਰ ਨਹੀਂ ਮੰਨਿਆ ਕਿ ਤੁਹਾਡਾ ਰੇਤਾਂ ਦਾ ਕਾਰੋਬਾਰ ਚਲਦਾ ਹੈ ਇਥੇਇਹ ਸਦਾ ਨਹੀਂ ਵਜ਼ੀਰੀਆਂ ਰਹਿੰਦੀਆਂ ਜੇਕਰ ਤੂੰ ਕਿਸਾਨ ਆਗੂ ਕੋਲੋਂ ਮੁਆਫ਼ੀ ਨਾ ਮੰਗੀ, ਤਾਂ 2027ਵਿੱਚ ਤੁਹਾਡਾ ਐਮ ਐਲ ਏ ਵਾਲਾ ਭੁਲੇਖਾ ਦੂਰ ਕਰ ਦੇਣਗੇ ਲੋਕ ।

# ਪਿੰਡ ਧੈਂਗੜਪੁਰ ਵਿਖੇ ਬੰਨ੍ਹ ਨੂੰ ਲੱਗੀ ਢਾਅ ਨੂੰ ਸਮੇਂ ਸਿਰ ਵਧਣ ਤੋਂ ਰੋਕਿਆ

## ਐਸ.ਡੀ.ਐਮਜ਼ ਦੀ ਨਿਗਰਾਨੀ ਹੇਠ ਬੰਨ੍ਹ ਦੀ ਮਜਬੂਤੀ ਦੇ ਕੰਮ ਜਾਰੀ





**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਧੈਂਗੜਪੁਰ ਵਿਖੇ ਸੋਮਵਾਰ ਰਾਤ ਨੂੰ ਸਤਲੁਜ ਦਰਿਆ ਦੇ ਬੰਨ੍ਹ ਨੂੰ ਲੱਗੀ ਕਰੀਬ 100-150 ਫੁੱਟ ਦੀ ਢਾਅ ਨੂੰ ਪ੍ਰਸ਼ਾਸਨ ਵੱਲੋਂ ਲੋਕਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਸਮੇਂ ਸਿਰ ਹੋਰ ਵਧਣ ਤੋਂ ਰੋਕਣ ਦੇ ਨਾਲ-ਨਾਲ ਬੰਨ੍ਹ ਦੀ ਮਜਬੂਤੀ ਲਈ ਲਗਾਤਾਰ ਉਪਰਾਲੇ ਜਾਰੀ ਹਨ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਐਸ.ਡੀ.ਐਮ ਅਨਮਜਯੋਤ ਕੌਰ, ਐਸ.ਡੀ.ਐਮ ਬਲਾਚੌਰ ਕ੍ਰਿਤਿਕਾ ਗੋਇਲ ਦੀ ਦੇਖਰੇਖ ਵਿੱਚ ਜਲ ਸਰੋਤ ਵਿਭਾਗ ਦੇ ਅਧਿਕਾਰੀ, ਪਿੰਡਾਂ ਦੇ ਵਸਨੀਕ ਅਤੇ ਸਮਾਜ ਸੇਵੀ ਸੰਸਥਾਵਾਂ ਨੁਮਾਇੰਦੇ ਲਗਾਤਾਰ ਕੰਮ ਕਰ ਰਹੇ ਹਨ ਤਾਂ ਜੋ ਬੰਨ੍ਹ ਨੂੰ ਕੋਈ ਹੋਰ ਜਿਆਦਾ ਨੁਕ-ਸਾਨ ਨਾ ਹੋ ਸਕੇ। ਮੌਕੇ 'ਤੇ ਮੌਜੂਦ ਐਸ.ਡੀ.ਐਮ ਅਨਮਜਯੋਤ ਕੌਰ ਨੇ ਇਲਾਕੇ ਦੇ ਲੋਕਾਂ ਦੀ ਸਲਾਹੁਤਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਸਮੇਂ ਸਿਰ ਬੰਨ੍ਹ ਦੇ ਨੁਕਸਾਨ ਨੂੰ ਰੋਕ ਲਿਆ ਗਿਆ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਮਗਨ-ਰੇਗਾ ਵਰਕਰ ਅਤੇ ਪਿੰਡ ਵਾਸੀ ਇਸ 100 ਫੁੱਟ ਤੋਂ ਜਿਆਦੀ ਢਾਅ ਨੂੰ ਰੋਕਣ ਵਿੱਚ ਕਾਮਯਾਬ ਰਹੇ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨ ਦਰਿਆ ਵਿੱਚ ਪਾਣੀ ਦਾ ਪੱਧਰ ਬਹੁਤ ਜਿਆਦਾ ਵਧ ਜਾਣ ਕਾਰਨ ਰਾਤ ਸਮੇਂ ਇਹ ਢਾਅ ਲੱਗੀ ਪਰ ਸਮੇਂ ਸਿਰ ਇਸ ਨੂੰ ਹੋਰ ਅੱਗੇ ਵਧਣ ਤੋਂ ਰੋਕਣ ਦੇ ਨਾਲ-ਨਾਲ ਮਿੱਟੀ ਦੇ ਬੋਰਿਆਂ, ਦਰੱਖਤਾਂ, ਲੋਹੇ ਦੇ ਕਰੇਟਾਂ ਆਦਿ ਨਾਲ ਬੰਨ੍ਹ ਨੂੰ ਸੁਰੱਖਿਅਤ ਕੀਤਾ ਗਿਆ। ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਇੰਡਸਟਰੀਅਲ ਟ੍ਰੇਨਿੰਗ ਬੋਰਡ ਦੇ ਵਾਈਸ ਚੇਅਰਮੈਨ ਲਲਿਤ ਮੋਹਨ ਪਾਠਕ ਨੇ ਬੰਨ੍ਹ ਨੂੰ ਢਾਅ ਵਾਲੀ ਜਗ੍ਹਾ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਬਹੁਤ ਹੀ ਸਮੇਂ 'ਤੇ ਬੰਨ੍ਹ ਦੇ ਵੱਡੇ ਨੁਕਸਾਨ ਨੂੰ ਰੋਕਿਆ ਗਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ, ਪਿੰਡਾਂ ਦੇ ਲੋਕਾਂ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਲਗਾਤਾਰ ਬੰਨ੍ਹ ਦੀ ਮਜਬੂਤੀ ਲਈ ਕਾਰਜਸ਼ੀਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਸੂਬੇ ਦੇ ਲੋਕਾਂ ਨਾਲ ਚੱਟਾਨ ਵਾਂਗ ਖੜੀ ਹੈ ਅਤੇ ਉਨ੍ਹਾਂ ਦੀ ਜਾਨ-ਮਾਲ ਦੀ ਰਾਖੀ ਲਈ ਪੂਰਨ ਤੌਰ 'ਤੇ ਵਚਨਬੱਧ ਹੈ। ਜਲ ਸਰੋਤ ਵਿਭਾਗ ਦੇ ਐਸ.ਡੀ.ਓ ਹਰਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਪਾਣੀ ਦਾ ਪੱਧਰ 1.25 ਕਿਊਸਿਕ ਤੋਂ ਵਧ ਜਾਣ ਕਰਕੇ ਧੈਂਗੜਪੁਰ ਵਿਖੇ ਬੰਨ੍ਹ ਢਾਅ ਲੱਗਣੀ ਸ਼ੁਰੂ ਹੋਈ ਸੀ, ਜਿਸ ਦਾ ਸਮੇਂ ਸਿਰ ਪਤਾ ਲੱਗਣ 'ਤੇ ਪ੍ਰਸ਼ਾਸਨ ਅਤੇ ਲੋਕਾਂ ਨੇ ਰਲ ਕੇ ਬੰਨ੍ਹ ਨੂੰ ਹੋਰ ਨੁਕਸਾਨੇ ਜਾਣ ਤੋਂ ਰੋਕ ਲਿਆ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਪਾਣੀ ਦਾ ਪੱਧਰ ਪਹਿਲਾਂ ਨਾਲੋਂ ਘਟ ਹੋਣ ਕਰਕੇ ਕੋਈ ਖਤਰੇ ਵਾਲੀ ਗੱਲ ਨਹੀਂ ਜਾਪਦੀ ਅਤੇ ਬੰਨ੍ਹ ਨੂੰ ਹੋਰ ਮਜਬੂਤ ਕਰਨ ਲਈ ਵਿਭਾਗੀ ਟੀਮਾਂ ਅਤੇ ਪਿੰਡਾਂ ਦੇ ਲੋਕ ਲਗਾਤਾਰ ਕੰਮ ਕਰ ਰਹੇ ਹਨ।

## ਸ਼ਾਮ ਸਵੇਰੇ ਦੋ ਵੇ.ਲੇ

ਘੱਟ ਹੋਵੇ ਪਿਆਰ ਤਾਂ ਸਰ ਸਕਦੈ ,
ਨਾ ਹੋਵੇ ਕਿਸੇ ਨਾ.ਲ ਵੈਰ ।
ਕੋਈ ਅਪਣਾ ਲੱਗੇ ਜਾਂ ਨਾ ਲੱਗੇ ,
ਪਰ ਕੋਈ ਨਾ ਜਾਪੇ .ਗੈਰ ।
ਨਿੱਤ ਸੁਭਾ ਸਵੇਰੇ ਉੱਠਣ ਵੇ.ਲੇ ਤੇ ,
ਰਾਤੀਂ ਸੌਣ ਤੋਂ ਪਹਿਲਾਂ ਵੀ ;
ਮੰਗੇ ਪਿੰਡ ਰੰਚਣਾਂ ਵਾ.ਲਾ ਸ਼ਰਮਾ ,
ਸ਼ਾਰੇ ਹੀ ਜੱਗ ਦੀ ਖ਼ੈਰ



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਬੱਦਲ ਭਜਾ ਦੇ

ਦੁਨੀਆ ਦੇ ਮਾਲਿਕਾ,ਏਹ ਬੱਦਲ ਭਜਾ ਦੇ।
ਸਭ ਨੂੰ ਦਾਤਾ ਆਪੋ ਅਪਣੇ ਘਰ ਵਸਾ ਦੇ।

ਇਹ ਯੋਧੇ ਦਲੇਰ ਪੰਜਾਬੀ ਅਣਖੀਲੇ ਗੱਭਰੂ,
ਇਹਨਾਂ ਦੇ ਦਿਲਾਂ ਵਿਚ ਰਹਿਮਤ ਵਰਸਾ ਦੇ।

ਝੱਖੜ,ਹੜਾਂ,ਮਾਂਹਮਾਰੀ ਨੇ ਤਾਂਗਵ ਨੱਚਿਆ ਹੈ,
ਜੇਤੂ ਹੋ ਕੇ ਸਭ ਨਿਕਲੇ ਅਸਲੀ ਰੂਪ ਵਿਖਾ ਕੇ।

ਪੰਜਾਬ ਦੇ ਜੰਮਿਆ ਨੂੰ ਰੋਜ ਮੁਹਿੰਮਾਂ ਆਉਂਦੀਆਂ,
ਬਾਂਕੇ ਛੈਲ ਹਿੱਕ ਤਾਣ ਆ ਖੜਦੇ ਪੰਧ ਮੁਕਾ ਕੇ।

ਮੌਤ ਨੂੰ ਪਏ ਕਰਨ ਮਖੌਲਾਂ ਗੱਭਰੂ ਪੰਜਾਬ ਦੇ,
ਮਨ ਵਿਚ ਸਦਾ ਨੇ ਰੱਖਦੇ ਪ੍ਰਭੂ ਤਾਈਂ ਵਸਾ ਕੇ।

ਸੇਵਾ ਦੀ ਕੋਈ ਘਾਟ ਨਾ ਛੱਡਦੇ ਇਹ ਯੋਧੇ,
ਲੋੜਬੰਦਾਂ ਦੀ ਕਰਦੇ ਸੇਵਾ ਮਨ ਚਿੱਤ ਲਾ ਕੇ।

ਸਾਰੇ ਸੰਸਾਰ ਨੂੰ ਅੰਨ ਉਗਾ ਕੇ ਪੇਟ ਨੇ ਭਰਦਾ,
ਭਾਵੇਂ ਜਿਣਸ ਦਾ ਮੁੱਲ ਪਾਉਂਦੇ ਉਤਲੇ ਆਗੂ ਆ ਕੇ।


ਆਜ਼ਾਦ ਏਨਾਂ ਦੀ ਕਿਹੜੇ ਸਬਦਾਂ 'ਚ ਸਿਫਤ ਕਰੇ ?
ਪਲਾਂ 'ਚ ਹਥੇਲੀ 'ਤੇ ਰੱਖ ਦਿੰਦੇ ਨੇ ਸਰੋਂ ਜਮਾ ਕੇ।



**ਰਣਜੀਤ ਆਜ਼ਾਦ ਕਾਂਝਲਾ**
(9464697781)

## ਤੇਰੇ ਤੋਂ ਮੇਰੇ ਤਕ ਕੀ ਸਫ਼ਰ ਸੀ?

ਤੇਰੇ ਤੋਂ ਮੇਰੇ ਤਕ
ਜਾਂ
ਮੇਰੇ ਤੋਂ ਰੇੜੇ ਤਕ
ਰਾਹ ਵੀ ਔਖੇ ਸੀ
ਸਾਹ ਵੀ ਔਖੇ ਸੀ
ਆਫ਼ਤਾਂ, ਜੁਰਮ ਤੇ ਅਤਿਆਚਾਰ ਦਾ ਸੁਮੇਲ ਸੀ
ਇਕ ਸਫ਼ਰ ਸੀ
ਇਕ ਸਬਰ ਸੀ
ਪਰ
ਮੈ ਡਰਿਆ ਨੀ
ਮੈ ਹਰਿਆ ਨੀ
ਮੈ ਡਟਿਆ
ਮੈ ਲੜਿਆ
ਮੈ ਖੜਿਆ
ਮੈ ਢਾਲ ਬਣਿਆ
ਆਪਣੇ ਸੀ, ਆਪਣਾ ਪੰਜਾਬ ਸੀ
ਏਸ ਤ੍ਰਾਸਦੀ ਚ
ਭੁਖੇ, ਬੇਘਰੇ, ਲਾਚਾਰ ਤੇ ਬੇਬਸੀ ਦਾ ਸ਼ੋਰ ਸੀ
ਕਿਸੇ ਨੇ ਬਾਂਹ ਫੜ੍ਹੀ
ਕਿਸੇ ਨੇ ਆਪਣੀ ਜਾਨ ਵਾਰੀ
ਫਿਰ
ਇਕ ਹੀ ਅਵਾਜ ਸੀ
ਮੈ ਪੰਜਾਬ ਬੋਲਦਾਂ
ਪੰਜਾਬੀ ਬੋਲਦਾਂ
ਇਕ ਏਕਾ ਸੀ
ਸ਼ਹੀਦਾਂ ਦੀ ਸ਼ਹਾਦਤ ਸੀ
ਬਾਬੇ ਨਾਨਕ ਦਾ ਓਟ ਆਸਰਾ ਸੀ
ਮੈ ਨਹੀਂ ਬੋਲਦਾ
ਬਸ ਮੇਰਾ ਪੰਜਾਬ ਬੋਲਦਾ
ਪੰਜਾਬੀ ਬੋਲਦਾ
ਹਕ਼ ਤੇ ਸੱਚ ਲਈ ਮਰਦਾ ਹਾਂ
ਮੈ ਜ਼ੁਧਾਂ ਚ
ਮੈ ਖੇਤਾਂ ਚ
ਮੈ ਧਰਨਿਆਂ ਚ
ਮੈ ਹੜ੍ਹਾਂ ਚ
ਮੈ ਬੇਪਨਾਹ ਬੋਲਦਾਂ
ਮੈ ਪੰਜਾਬ ਬੋਲਦਾਂ
ਪੰਜਾਬੀ ਬੋਲਦਾਂ
ਜਬਰ, ਜ਼ੁਲਮ ਤੇ ਅਤਿਆਚਾਰ ਖਿਲਾਫ
ਮੈ ਡੱਟਦਾ ਹਾਂ
ਮੈ ਬੋਲਦਾਂ ਹਾਂ
ਬਸ ਇਕ ਨਾਮ ਬੋਲਦਾ
ਮੈ ਪੰਜਾਬ ਹਾਂ
ਮੈ ਪੰਜਾਬ ਬੋਲਦਾਂ
ਪੰਜਾਬੀ ਬੋਲਦਾ
ਬਸ ਇਹੀ ਵਕ਼ਤ ਹੈ ਨਾਲ ਖੜਨ ਦਾ
ਆਪਣਿਆਂ ਲਈ ਲੜਨ ਦਾ
ਆਪਣਿਆਂ ਲਈ ਖੜਨ ਦਾ
ਮੇਰੇ ਰਗ ਰਗ ਚ
ਮੇਰੇ ਇਕ ਇਕ ਸਾਹ ਚ
ਬਸ ਇਹੀ ਇਕ ਉਬਾਲ ਹੈ
ਮੈ ਪੰਜਾਬ ਹਾਂ
ਮੈਂ ਪੰਜਾਬ ਬੋਲਦਾਂ
ਪੰਜਾਬੀ ਬੋਲਦਾਂ
ਬਸ ਇਹੀ ਇਕ ਸਫ਼ਰ ਹੈ
ਤੇਰੇ ਤੋਂ ਮੇਰੇ ਤਕ
ਜਾਂ
ਮੇਰੇ ਤੋਂ ਤੇਰੇ ਤਕ ਦਾ
ਸ਼ਇਦ ਸਫ਼ਰ ਆਖਰੀ ਹੈ
ਮੈ ਪੰਜਾਬ ਬੋਲਦਾਂ
ਮੈ ਪੰਜਾਬ ਬੋਲਦਾਂ
ਮੈ ਪੰਜਾਬੀ ਬੋਲਦਾਂ
ਮੈ ਪੰਜਾਬੀ ਬੋਲਦਾਂ



**( ਹੜ੍ਹਾਂ ਦੀ ਤ੍ਰਾਸਦੀ ਤੇ ਦਿਲੋਂ ਨਿਕਲੇ ਦਰਦ ਭਰੇ ਅਲਫਾਜ)**

**ਭੁਪਿੰਦਰ ਸਿੰਘ ਸਿਆਣ**
**ਫਗਵਾੜਾ**

## ਕਵਿਤਾ

ਰੱਬਾ ਰੱਬਾ ਮੀਂਹ ਨਾ ਪਾ ,
ਹੁੰਦੇ ਜਾਂਦੇ ਘਰ ਤਬਾਹ –
ਰੱਬਾ ਰੱਬਾ ਮੀਂਹ ਨਾ ਪਾ ...

ਕਸੂਰ ਹੋ ਗਿਆ ਜੇ ਕੋਈ ,
ਵੀਰ ਬਣਕੇ ਬਖਸ਼ ਗੁਨਾਹ –
ਰੱਬਾ ਰੱਬਾ ਮੀਂਹ ਨਾ ਪਾ ...

ਖ਼ਾਲਕ ਰੋਂਦੀ ਖ਼ਲਕਤ ਨੂੰ ,
ਸੀਨੇ ਲਾ ਕੇ ਚੁੱਪ ਕਰਾ –
ਰੱਬਾ ਰੱਬਾ ਮੀਂਹ ਨਾ ਪਾ ...

ਵੇਖ ਵਿਲਕਦੇ ਪੰਛੀਆਂ ਨੂੰ ,
ਪਸ਼ੂਆਂ ਦੀ ਵੀ ਜਾਨ ਬਚਾ –
ਰੱਬਾ ਰੱਬਾ ਮੀਂਹ ਨਾ ਪਾ ...


ਆਸਮਾਨ ਤੋਂ ਧਰਤੀ ਦੀ ,
ਨੇੜੇ ਹੋ ਕੇ ਸੁਣ ਦੁਆ –
ਰੱਬਾ ਰੱਬਾ ਮੀਂਹ ਨਾ ਪਾ ...

ਬੰਦ ਪਏ ਨੇ ਕਾਰੋਬਾਰ ,
ਏਹਨੂੰ ਵੀ ਕੋਈ ਚਾਬੀ ਲਾ –
ਰੱਬਾ ਰੱਬਾ ਮੀਂਹ ਨਾ ਪਾ ...

ਜਿੰਮੀ ਅਹਿਮਦਗੜ੍ਹ ਲਿਖੇ ,
ਲਿਖੀ ਸ੍ਰਿਸ਼ਟੀ ਨਾ ਮਿਟਾ –
ਰੱਬਾ ਰੱਬਾ ਮੀਂਹ ਨਾ ਪਾ ...



**ਜਿੰਮੀ ਅਹਿਮਦਗੜ੍ਹ ...**
8195907681



# ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਫਿਲੌਰ ਦੇ ਵਿਦਿਆਰਥੀਆਂ ਨੇ ਕੀਤੀ ਹੜ੍ਹ ਪੀੜਤਾਂ ਦੀ ਸੇਵਾ

## ਇਸ ਦੁੱਖ ਦੀ ਘੜੀ ਵਿੱਚ ਅਸੀ ਲੋਕਾਂ ਦੇ ਨਾਲ ਖੜੇ ਹਾਂ :ਲਵਪ੍ਰੀਤ,ਅਨੂ ਸੰਭਰਵਾਲ

**ਫਿਲੌਰ/ਅੱਪਰਾ( ਦੀਪਾ)-** ਅੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਤਹਿੰਗ ਫਿਲੌਰ ਦੇ ਵਿਦਿਆਰਥੀਆਂ ਨੇ ਲੋਕ ਇਨਸਾਫ ਮੰਚ ਨਾਲ ਮਿਲ ਕੇ ਹੜ੍ਹ ਪੀੜਤਾਂ ਨਾਲ ਦੁੱਖ ਵੰਡਾਇਆ ਅਤੇ ਪਿੰਡਾਂ ਵਿੱਚ ਲੋੜਵੰਦ ਲੋਕਾਂ ਨੂੰ ਤਰਪਾਲਾਂ ਵੰਡੀਆਂ । ਇਸ ਮੌਕੇ ਮੀਡੀਆ ਨਾਲ ਗੱਲ ਬਾਤ ਕਰਦੇ ਵਿਦਿਆਰਥੀ ਆਗੂ ਅਨੂ ਸੰਭਰਵਾਲ ਨੇ ਕਿਹਾ ਕਿ ਅੱਜ ਸਾਡਾ ਫਰਜ ਬਣਦਾ ਹੈ ਕਿ ਅਸੀ ਅੱਜ ਲੋਕਾਂ ਦੇ ਸੇਵਾ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ । ਵਿਦਿਆਰਥੀ ਆਗੂ ਲਵਪ੍ਰੀਤ ਕੌਰ ਨੇ ਕਿਹਾ



ਕਿ ਇਸ ਪੰਜਾਬ ਦੀ ਮਿੱਟੀ ਨੇ ਸਾਨੂੰ ਬਹੁਤ ਕੁੱਝ ਦਿੱਤਾ ਹੈ ਅਸੀ ਆਪਣੀ ਯੋਗਤਾ ਅਨੁਸਾਰ ਜਿੰਨਾ ਵੀ ਹੋ ਸਕਿਆ ਹੜ੍ਹ ਪੀੜਤਾਂ ਦੇ ਨਾਲ ਖੜੇ ਖੜੇ ਹਾ । ਪੰਜਾਬ ਗੁਰੂਆਂ ਪੀਰਾਂ ਪੈਗੰਬਰਾਂ ਦੀ ਧਰਤੀ ਹੈ ਇਸ ਪੰਜਾਬ ਨੇ ਜਲਦ ਆਪਣੇ ਪੈਰਾਂ ਉਪਰ ਦੁਬਾਰਾ ਖੜੇ ਹੋ ਜਾਣਾ ਹੈ ਅੱਜ ਔਖਾ ਸਮਾ ਹੈ ਅੱਜ ਸਾਨੂੰ ਇਕ ਦੂਜੇ ਦਾ ਸਾਥ ਦੇਣਾ ਚਾਹੀਦਾ ਹੈ !ਇਸ ਮੌਕੈ ਸ਼ੈਲੀ ਬੱਛੋਆਲ , ਬਲਵੀਰ ਬੱਛੋਆਲ , ਪਰਸ਼ੋਤਮ ਫਿਲੌਰ , ਆਕਾਸ਼ ਸੰਧੂ ,ਰਾਜਵਿੰਦਰ ਕੌਰ , ਅਨੂ ਸੰਭਰਵਾਲ , ਅਰਸ਼ਪ੍ਰੀਤ , ਅਤੇ ਲੋਕ ਇਨਸਾਫ ਮੰਚ ਦੀ ਸਾਰੀ ਲੀਡਰਸ਼ਿਪ ਮੌਜੂਦ ਸਨ ।

# ਪਿੱਤੇ ਦੀ ਪੱਥਰੀਆਂ ਦੇ ਅਪਰੇਸ਼ਨਾਂ ਦਾ ਕੇਂਦਰ ਬਣਿਆ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ

## ਢਾਹਾਂ ਕਲੇਰਾਂ ਹਸਪਤਾਲ ਦੇ ਡਾ. ਮਾਨਵਦੀਪ ਸਿੰਘ ਬੈਂਸ ਵੱਲੋਂ ਕੀਤੇ ਅਪਰੇਸ਼ਨ ਨਾਲ 116 ਕਿਲੋ ਭਾਰੇ ਰੋਗੀ ਨੂੰ ਮਿਲੀ ਨਵੀਂ ਜ਼ਿੰਦਗੀ

**ਬੰਗਾ, (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਲੈਪਰੋਸਕੋਪਿਕ ਅਤੇ ਜਰਨਲ ਸਰਜਨ ਡਾ. ਮਾਨਵਦੀਪ ਸਿੰਘ ਬੈਂਸ ਨੇ 116ਕਿਲੋਗ੍ਰਾਮ ਭਾਰ ਵਾਲੇ ਮੋਟਾਪੇ ਕਾਰਨ ਅੰਕਸ਼ ਦਿਲ ਦੇ ਰੋਗੀ ਮਰੀਜ਼ ਦੇ ਖਰਾਬ ਪਿੱਤੇ ਦਾ ਸਫਲ ਅਪਰੇਸ਼ਨ ਕਰਨ ਦਾ ਸਮਾਚਾਰ ਹੈ । ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੰਦੇ ਡਾ. ਬੈਂਸ ਨੇ ਦੱਸਿਆ ਕਿ ਸਰਜਰੀ ਵਿਭਾਗ ਦੀ ਉ ਪੀ ਡੀ ਵਿਚ 56 ਸਾਲ ਦੀ ਮਰੀਜ਼ ਬੀਬੀ ਸਵਿਤਾ ਰਾਣੀ ਆਏ । ਉਹਨਾਂ ਦੀ ਜਾਂਚ ਕਰਨ ਉਪਰੰਤ ਪਤਾ ਲੱਗਾ ਕਿ ਉਹਨਾਂ ਦਾ ਪਿੱਤਾ, ਪੱਥਰੀਆਂ ਕਰਕੇ ਖਰਾਬ ਹੋ ਰਿਹਾ ਹੈ ਅਤੇ ਸੋਜਿਜ਼ ਵੀ ਵੱਧ ਰਹੀ ਹੈ । ਉਹਨਾਂ ਦਾ ਭਾਰ ਜ਼ਿਆਦਾ ਹੋਣ ਕਰਕੇ ਪੈਦਾ ਹੋਈਆਂ ਕੁਝ ਅਲਾਮਤਾਂ ਕਰਕੇ ਵੱਡੇ ਸ਼ਹਿਰਾਂ ਦੇ ਹਸਪਤਾਲਾਂ ਵੱਲੋਂ ਜਵਾਬ ਮਿਲ ਚੁੱਕਾ ਸੀ । ਉਹਨਾਂ ਦੇ ਪਰਿਵਾਰ ਵੱਲੋਂ ਇਲਾਜ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸਰਜਰੀ ਵਿਭਾਗ ਵਿਚ ਡਾ. ਮਾਨਵਦੀਪ ਸਿੰਘ ਬੈਂਸ ਕੋਲ ਲਿਆਂਦਾ ਗਿਆ ਸੀ । ਪਰਿਵਾਰ ਨਾਲ ਮਸ਼ਵਰੇ ਉਪਰੰਤ ਮਰੀਜ਼ ਬੀਬੀ ਸਵਿਤਾ ਰਾਣੀ ਦਾ



**ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਰੀਜ਼ ਬੀਬੀ ਸਵਿਤਾ ਰਾਣੀ ਸਫਲ ਅਪਰੇਸ਼ਨ ਉਪਰੰਤ ਡਾ. ਮਾਨਵਦੀਪ ਸਿੰਘ ਬੈਂਸ, ਡਾ. ਵਿਵੇਕ ਗੁੰਬਰ, ਹਸਪਤਾਲ ਸਟਾਫ਼ ਅਤੇ ਪਰਿਵਾਰਿਕ ਮੈਂਬਰਾਂ ਨਾਲ ਖੁਸ਼ੀ ਭਰੇ ਮਾਹੌਲ ਵਿਚ।**

ਲੈਪਰੋਸਕੋਪਿਕ ਸਰਜਰੀ ਨਾਲ ਅਪਰੇਸ਼ਨ ਕਰਕੇ ਖਰਾਬ ਪਿੱਤਾ ਬਾਹਰ ਕੱਢਿਆ ਗਿਆ । ਗੁਰੂ ਨਾਨਕ ਮਿਸ਼ਨ ਹਸਪਤਾਲ ਦੇ ਮੈਡੀਕਲ ਅਤੇ ਦਿਲ ਦੇ ਰੋਗਾਂ ਦੇ ਮਾਹਿਰ ਡਾ. ਵਿਵੇਕ ਗੁੰਬਰ ਅਤੇ ਐਨਸਥੀਸੀਆ ਮਾਹਿਰ ਡਾ. ਦੀਪਕ ਦੁੱਗਲ ਐਮ ਡੀ ਵੱਲੋਂ ਹਾਈਰਿਸਕ ਮਰੀਜ਼ ਦੀ ਦਿਲ ਦੀ ਬਿਮਾਰੀ ਦਾ ਧਿਆਨ ਰੱਖਣ ਵਿਚ ਵਿਸ਼ੇਸ਼ ਸਹਿਯੋਗ ਦਿੱਤਾ । ਹੁਣ ਅਪਰੇਸ਼ਨ ਉਪਰੰਤ ਮਰੀਜ਼ ਬੀਬੀ ਸਵਿਤਾ ਰਾਣੀ ਤੰਦਰੁਸਤ ਹੈ ਅਤੇ ਖੁਸ਼ ਹਨ । ਮਰੀਜ਼ ਦੇ ਪਰਿਵਾਰਿਕ ਮੈਂਬਰਾਂ ਵੱਲੋਂ ਬੀਬੀ ਸਵਿਤਾ ਰਾਣੀ ਦਾ ਵਧੀਆ ਅਪਰੇਸ਼ਨ ਕਰਕੇ ਤੰਦਰੁਸਤ ਕਰਨ ਲਈ ਡਾਕਟਰ ਮਾਨਵਦੀਪ ਸਿੰਘ ਬੈਂਸ ਅਤੇ ਸਮੂਹ ਹਸਪਤਾਲ ਸਟਾਫ ਦਾ ਹਾਰਦਿਕ ਧੰਨਵਾਦ ਕੀਤਾ । ਹਸਪਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਵੀ ਮਰੀਜ਼ ਦੇ ਸਫਲ ਅਪਰੇਸ਼ਨ ਲਈ ਡਾਕਟਰ ਮਾਨਵਦੀਪ ਸਿੰਘ ਬੈਂਸ ਅਤੇ ਟੀਮ ਨੂੰ ਵਧਾਈ ਦਿੱਤੀ । ਵਰਨਣਯੋਗ ਹੈ ਕਿ ਸਰਜਰੀ ਵਿਭਾਗ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਪਿੱਤੇ ਦੀਆਂ ਪੱਥਰੀਆਂ, ਹਰਨੀਆਂ ਅਤੇ ਪੇਟ ਦੀਆਂ ਬਿਮਾਰੀਆਂ ਦੇ ਇਲਾਜ ਅਤੇ ਅਪਰੇਸ਼ਨਾਂ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਐਮਰੀਜੈਂਸੀ, ਆਈ,ਸੀ,ਯੂ,, ਐਚ,ਡੀ, ਯੂ, ਵਾਰਡ, ਅਪਰੇਸ਼ਨ ਥੀਏਟਰ ਆਦਿ ਮੌਜੂਦ ਹਨ, ਜਿੱਥੇ ਤਾਇਨਾਤ ਮਾਹਿਰ ਡਾਕਟਰ ਸਾਹਿਬਾਨ ਅਤੇ ਮੈਡੀਕਲ ਸਟਾਫ 24 ਘੰਟੇ ਮਰੀਜ਼ਾਂ ਦੀ ਵਧੀਆ ਸਾਂਭ ਸੰਭਾਲ ਕਰਦਾ ਹੈ । ਫੋਟੋ ਕੈਪਸ਼ਨ :

# ਪੰਜਾਬ ਦੇ ਸਿਹਤ ਕਰਮਚਾਰੀਆਂ ਨੇ 'ਐੱਮ-ਸੇਵਾ ਐਪ' ਲਾਗੂ ਕਰਨ ਦਾ ਕੀਤਾ ਸਖ਼ਤ ਵਿਰੋਧ

**ਮਾਨਸਾ ।** ਸਿਹਤ ਵਿਭਾਗ ਦੇ ਮੁਲਾਜ਼ਮਾਂ ਦੀਆਂ ਵੱਖ-ਵੱਖ ਜਥੇਬਦੀਆਂ ਨੇ ਪੰਜਾਬ ਭਰ ਵਿੱਚ 'ਐੱਮ-ਸੇਵਾ' ਐਪ ਨੂੰ ਲਾਜ਼ਮੀ ਤੌਰ 'ਤੇ ਲਾਗੂ ਕਰਨ ਦੇ ਫ਼ੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ। ਇਨ੍ਹਾਂ ਜਥੇਬੰਦੀਆਂ ਵਿੱਚ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ, ਪੈਰਾ ਮੈਡੀਕਲ ਅਤੇ ਸਿਹਤ ਕਰਮਚਾਰੀ ਯੂਨੀਅਨ, ਏ.ਐਨ.ਐਮ., ਐਲ.ਐਚ.ਵੀ. ਯੂਨੀਅਨ, ਅਤੇ ਏ.ਐਮ.ਓ. ਐਸੋਸੀਏਸ਼ਨ ਸ਼ਾਮਲ ਹਨ। ਆਗੂਆਂ ਨੇ ਦੋਸ਼ ਲਾਇਆ ਹੈ ਕਿ ਸਰਕਾਰ ਇਹ ਐਪ ਮੁਲਾਜ਼ਮਾਂ ਨਾਲ ਬਿਨਾਂ ਕਿਸੇ ਸਲਾਹ-ਮਸ਼ਵਰੇ ਦੇ ਜਲਦਬਾਜ਼ੀ ਵਿੱਚ ਲਾਗੂ ਕਰ ਰਹੀ ਹੈ। ਸਿਹਤ ਮੁਲਾਜ਼ਮਾਂ ਨੇ ਆਪਣੀਆਂ ਸਮੱਸਿਆਵਾਂ ਉਜਾਗਰ ਕਰਦਿਆਂ ਕਿਹਾ ਕਿ ਵਿਭਾਗ ਵਿੱਚ ਕਈ ਅਸਾਮੀਆਂ ਖ਼ਾਲੀ ਹਨ ਅਤੇ ਕਰਮਚਾਰੀ ਡੈਪੂਟੇਸ਼ਨ 'ਤੇ ਕੰਮ ਕਰ ਰਹੇ ਹਨ। ਫੀਲਡ ਵਿੱਚ ਕੰਮ ਕਰਨ ਵਾਲੇ ਕਰਮਚਾਰੀ ਆਪਣੇ ਨਿੱਜੀ ਸਾਧਨਾਂ 'ਤੇ 5 ਤੋਂ 20 ਕਿਲੋਮੀਟਰ ਤੱਕ ਦਾ ਸਫ਼ਰ ਕਰਦੇ ਹਨ, ਪਰ ਸਤੰਬਰ 2021 ਤੋਂ



**ਸੀ ਐੱਚ ਸੀ ਖਿਆਲਾ ਕਲਾਂ ਵਿਖੇ ਐਸ ਐਮ ਓ ਡਾ ਹਰਮਨਦੀਪ ਸਿੰਘ ਨੂੰ ਮੰਗ ਪੱਤਰ ਸੌਂਪਣ ਮੌਕੇ ਮੁਲਾਜ਼ਮ ਆਗੂ।**

ਉਨ੍ਹਾਂ ਦੇ ਸਫ਼ਰੀ ਅਤੇ ਹੋਰ ਭੱਤੇ ਬੰਦ ਹਨ। ਇਨ੍ਹਾਂ ਮੰਗਾਂ ਸਬੰਧੀ ਸਰਕਾਰ ਨਾਲ ਕਈ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਕੋਈ ਵੀ ਮੰਗ ਨਹੀਂ ਮੰਨੀ ਗਈ। ਜਥੇਬੰਦੀਆਂ ਨੇ ਮੰਗ ਕੀਤੀ ਕਿ 'ਐੱਮ-ਸੇਵਾ' ਐਪ ਨੂੰ ਜ਼ਬਰਦਸਤੀ ਥੋਪਿਆ ਨਾ ਜਾਵੇ।

ਇਸੇ ਤਹਿਤ, ਮਾਨਸਾ ਜ਼ਿਲ੍ਹੇ ਦੇ ਬਲਾਕ ਖਿਆਲਾ ਕਲਾਂ ਦੇ ਸਿਹਤ ਕਰਮਚਾਰੀਆਂ ਨੇ ਐਸ.ਐਮ.ਓ. ਡਾ. ਹਰਮਨਦੀਪ ਸਿੰਘ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਹੈ। ਇਸ ਮੰਗ ਪੱਤਰ ਵਿੱਚ 'ਐੱਮ-ਸੇਵਾ' ਐਪ ਨੂੰ ਨਾ ਥੋਪਣ ਤੋਂ ਇਲਾਵਾ, ਮਲਟੀਪਰਪਜ਼ ਹੈਲਥ ਵਰਕਰ ਫੀਮੇਲ ਲਈ ਮਹੀਨਾਵਾਰ ਰਿਪੋਰਟਾਂ ਲਈ ਸਟੇਸ਼ਨਰੀ ਅਤੇ ਪ੍ਰਫਾਰਮੇ ਮੁਹੱਈਆ ਕਰਵਾਉਣ ਦੀ ਮੰਗ ਵੀ ਕੀਤੀ ਗਈ ਹੈ। ਇਸ ਮੌਕੇ ਮਲਕੀਤ ਸਿੰਘ, ਜਗਦੀਸ਼ ਸਿੰਘ, ਸੁਖਪਾਲ ਸਿੰਘ, ਸਰਬਜੀਤ ਸਿੰਘ, ਗੁਰਦੀਪ ਸਿੰਘ, ਖੁਸ਼ਵਿੰਦਰ ਸਿੰਘ, ਜਗਸੀਰ ਸਿੰਘ, ਸੁਖਵਿੰਦਰ ਸਿੰਘ, ਹਰਨੈਲ ਸਿੰਘ, ਪ੍ਰਦੀਪ ਸਿੰਘ, ਰਾਜਪਾਲ ਕੌਰ, ਕਰਮਜੀਤ ਕੌਰ, ਚਰਨਜੀਤ ਕੌਰ, ਰਮਨਦੀਪ ਕੌਰ, ਹਰਪ੍ਰੀਤ ਕੌਰ, ਵੀਰਪਾਲ ਕੌਰ ਸਮੇਤ ਹੋਰ ਕਰਮਚਾਰੀ ਮੌਜੂਦ ਸਨ।

# ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਸਿਵਲ ਸਰਜਨ ਮਾਨਸਾ ਨੇ ਕੀਤਾ ਦੌਰਾ

**ਮਾਨਸਾ (ਚਾਨਣਦੀਪ ਸਿੰਘ ਔਲਖ)** ਸਿਵਲ ਸਰਜਨ ਮਾਨਸਾ, ਡਾ. ਅਰਵਿੰਦ ਪਾਲ ਸਿੰਘ ਨੇ ਬੁਢਲਾਡਾ ਅਤੇ ਬਰੇਟਾ ਬਲਾਕਾਂ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਐ ਸ . ਡੀ . ਐ ਚ . ਬੁਢਲਾਡਾ ਵਿਖੇ ਐਸ.ਐਮ.ਓ., ਨੋਡਲ ਅਫ਼ਸਰ, ਅਤੇ ਹੋਰ ਮੈਡੀਕਲ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਨੇ ਦਵਾਈਆਂ ਦੀ ਉਪਲਬਧਤਾ ਅਤੇ ਟੀਮਾਂ ਦੇ ਕੰਮਕਾਜ ਦੀ ਸਮੀਖਿਆ ਕੀਤੀ। ਡਾ. ਅਰਵਿੰਦ ਪਾਲ ਸਿੰਘ ਨੇ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਲੋੜੀਂਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਅਤੇ ਸਾਰੇ ਕਰਮਚਾਰੀਆਂ ਨੂੰ ਇਸ ਦੌਰਾਨ ਛੁੱਟੀ ਨਾ ਲੈਣ ਦੀ ਹਦਾਇਤ ਕੀਤੀ। ਇਸ ਤੋਂ ਬਾਅਦ, ਉਨ੍ਹਾਂ ਨੇ ਬਰੇਟਾ ਦੇ ਵਾਰਡ ਨੰਬਰ 4 ਵਿੱਚ ਚੱਲ ਰਹੇ ਮੈਡੀਕਲ ਕੈਂਪ ਦਾ ਨਿਰੀਖਣ ਕੀਤਾ ਅਤੇ ਆਸ-ਪਾਸ ਦੇ ਉਨ੍ਹਾਂ ਘਰਾਂ ਦਾ ਵੀ ਦੌਰਾ ਕੀਤਾ ਜਿੱਥੇ ਪਾਣੀ ਭਰਿਆ ਹੋਇਆ ਸੀ। ਉਨ੍ਹਾਂ ਨੇ ਪਿੰਡ ਜਲਵੇੜਾ ਦਾ ਵੀ ਦੌਰਾ ਕੀਤਾ, ਜਿੱਥੇ ਘਰਾਂ ਅਤੇ ਖੇਤਾਂ ਵਿੱਚ ਪਾਣੀ ਭਰਿਆ ਹੋਇਆ ਸੀ, ਅਤੇ ਮੈਡੀਕਲ ਟੀਮਾਂ ਨੂੰ ਲਗਾਤਾਰ ਡਿਊਟੀ ਕਰਨ ਅਤੇ ਦਵਾਈਆਂ ਦਾ ਪੂਰਾ ਪ੍ਰਬੰਧ ਰੱਖਣ ਲਈ ਕਿਹਾ। ਪਿੰਡ ਖੱਤਰੀਵਾਲਾ ਦੀ ਢਾਣੀ ਵਿਖੇ, ਜਿੱਥੇ ਪਾਣੀ ਜ਼ਿਆਦਾ ਹੋਣ ਕਾਰਨ ਲੋਕਾਂ ਨੂੰ ਗੁਰਦੁਆਰਿਆਂ ਅਤੇ ਧਰਮਸ਼ਾਲਾਵਾਂ ਵਿੱਚ ਸ਼ਿਫਟ ਕੀਤਾ ਗਿਆ ਸੀ, ਉਨ੍ਹਾਂ ਨੇ ਲੋਕਾਂ ਦਾ ਹਾਲ-ਚਾਲ ਪੁੱਛਿਆ ਅਤੇ ਉੱਥੇ ਮੈਡੀਕਲ ਟੀਮਾਂ ਨੂੰ ਨਿਯਮਿਤ ਤੌਰ 'ਤੇ ਮੌਜੂਦ ਰਹਿਣ ਦੀ ਹਦਾਇਤ ਕੀਤੀ।

ਨੋਡਲ ਅਫ਼ਸਰ (ਹੜ੍ਹ) ਡਾ. ਜਸ਼ਨ ਨਾਲ ਗੱਲਬਾਤ ਕਰਦਿਆਂ, ਡਾ. ਅਰਵਿੰਦ ਪਾਲ ਸਿੰਘ ਨੇ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਸਾਵਧਾਨ ਰਹਿਣ ਅਤੇ ਜਾਗਰੂਕਤਾ ਫੈਲਾਉਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਸੱਪ ਦੇ ਕੱਟਣ ਦੇ ਇਲਾਜ ਦਾ ਪ੍ਰਬੰਧ ਹੈ। ਹੜ੍ਹਾਂ ਨਾਲ ਸਬੰਧਤ ਕਿਸੇ ਵੀ ਜਾਣਕਾਰੀ ਲਈ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਦਾ ਫੋਨ ਨੰਬਰ 01652-227056 ਹੈ। ਉਨ੍ਹਾਂ ਲੋਕਾਂ ਨੂੰ ਦੱਸਿਆ ਕਿ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਲਈ ਓ.ਆਰ.ਐਸ., ਜ਼ਿੰਕ, ਅਤੇ ਕਲੋਰੀਨ ਦੀਆਂ ਗੋਲੀਆਂ ਲੋੜੀਂਦੀ ਮਾਤਰਾ ਵਿੱਚ ਉਪਲਬਧ ਹਨ, ਜੋ ਸਿਹਤ ਕਰਮਚਾਰੀਆਂ ਅਤੇ ਆਸ਼ਾ ਵਰਕਰਾਂ ਦੁਆਰਾ ਘਰ-ਘਰ ਵੰਡੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਬਾਸੀ ਅਤੇ ਗਲੀਆਂ-ਸੜੀਆਂ ਸਬਜ਼ੀਆਂ ਅਤੇ ਫਲ ਖਾਣ ਤੋਂ ਪਰਹੇਜ਼ ਕਰਨ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਖਾਣ-ਪੀਣ ਦੀਆਂ ਵਸਤੂਆਂ ਨੂੰ ਢੱਕ ਕੇ ਰੱਖਿਆ ਜਾਵੇ ਤਾਂ ਜੋ ਮੱਖੀ-ਮੱਛਰ ਨਾ ਬੈਠਣ। ਇਸ ਮੌਕੇ ਉਨ੍ਹਾਂ ਨਾਲ ਸੰਤੋਸ਼ ਭਾਰਤੀ ਐਪੀਡੈਮਲੋਜਿਸਟ, ਸ਼ਮਸ਼ੇਰ ਸਿੰਘ ਸਿਹਤ ਸੁਪਰਵਾਈਜ਼ਰ, ਜਗਦੀਸ਼ ਕੁਲਰੀਆਂ ਸਿਹਤ ਕਰਮਚਾਰੀ, ਬੂਟਾ ਸਿੰਘ, ਅਤੇ ਬਲਜੀਤ ਸਿੰਘ ਸਿਹਤ ਕਰਮਚਾਰੀ ਸਮੇਤ ਹੋਰ ਸਿਹਤ ਵਿਭਾਗ ਦੇ ਅਧਿਕਾਰੀ ਅਤੇ ਪਿੰਡ ਦੇ ਮੋਹਤਬਰ ਲੋਕ ਵੀ ਮੌਜੂਦ ਸਨ।





ਬਰੇਟਾ ਵਿਖੇ ਹੜ੍ਹ ਪ੍ਰਭਾਵਿਤ ਏਰੀਏ ਦੇ ਦੌਰੇ ਮੌਕੇ ਸਿਵਲ ਸਰਜਨ ਮਾਨਸਾ ਅਤੇ ਹੋਰ ਸਿਹਤ ਕਰਮਚਾਰੀ।

, ਸੰਪਰਕ 9876888177

## ਝੁੱਗੀ-ਝੌਂਪੜੀ ਵਾਲੇ ਮਜ਼ਦੂਰਾਂ ਨੂੰ ਵੰਡਿਆ ਸੁੱਕਾ ਰਾਸ਼ਨ

**ਫਿਲੌਰ/ਅੱਪਰਾ (ਦੀਪਾ)** - ਕਰੀਬੀ ਪਿੰਡ ਮਸਾਣੀ ਵਿਖੇ ਭੈਣ ਗੁਰਵਿੰਦਰ ਕੌਰ (ਪਿੰਕੀ) ਯੂ.ਕੇ ਤੇ ਨੰਬਰਦਾਰ ਸ. ਲਖਵੀਰ ਸਿੰਘ ਵਲੋਂ ਝੁੱਗੀ-ਝੌਂਪੜੀ ਵਾਲੇ ਮਜ਼ਦੂਰਾਂ ਨੂੰ ਸੁੱਕਾ ਰਾਸ਼ਨ ਵੰਡਿਆ ਗਿਆ । ਇਸ ਮੌਕੇ ਬੋਲਦਿਆਂ ਨੰਬਰਦਾਰ ਸ. ਲਖਵੀਰ ਸਿੰਘ ਸੰਘਾ ਨੇ ਕਿਹਾ ਕਿ ਪੰਜਾਬ ਅੰਦਰ ਆਏ ਹੜ੍ਹਾਂ ਦੇ ਕਾਰਣ ਕਿਸਾਨਾਂ ਦੇ ਨਾਲ ਨਾਲ ਮਜ਼ਦੂਰਾਂ ਤੇ ਰੇਹੜੀ ਫ਼ੜੀ ਵਾਲਿਆਂ ਦਾ ਵੀ ਭਾਰੀ ਮੁਕਸਾਨ ਹੋਇਆ ਹੈ । ਇਸ ਲਈ ਸਾਨੂੰ ਆਪਣੀ ਕਿਰਤ ਕਮਾਈ 'ਚ ਦਸਵੰਧ ਕੱਢਦੇ ਹੋਏ ਹਰ ਇੱਕ ਵਿਅਕਤੀ ਦੀ ਮੱਦਦ ਕਰਨੀ ਚਾਹੀਦੀ ਹੈ । ਇਸ ਮੌਕੇ ਪਿੰਡ ਦੇ ਹੋਰ ਮੋਹਤਬਰ ਵੀ ਹਾਜ਼ਰ ਸਨ ।

## ਪਿੰਡ ਗੜ੍ਹੀ ਮਹਾਂ ਸਿੰਘ ਵਿਖੇ ਕਰਵਾਇਆ ਜਾਣ ਵਾਲਾ ਸਾਲਾਨਾ ਛਿੰਝ ਮੇਲਾ ਮੁਲਤਵੀ, ਹੜ੍ਹ ਪੀੜਤਾਂ ਦੀ ਮੱਦਦ ਤੇ ਪੁਨਰ ਨਿਵਾਸ 'ਤੇ ਖਰਚ ਕੀਤੀ ਜਾਵੇਗੀ ਰਕਮ

ਫਿਲੌਰ/ਅੱਪਰਾ (ਦੀਪਾ)-ਕਰੀਬੀ ਪਿੰਡ ਗੜ੍ਹੀ ਮਹਾਂ ਸਿੰਘ ਵਿਖੇ ਗ੍ਰਾਮ ਪੰਚਾਇਤ ਤੇ ਛਿੰਝ ਮੇਲਾ ਪ੍ਰਬੰਧਕ ਕਮੇਟੀ ਦੀ ਅਹਿਮ ਮੀਟਿੰਗ ਹੋਈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੋਹਣ ਸਿੰਘ ਸੰਧੂ ਸਰਪੰਚ ਗੜ੍ਹੀ ਮਹਾਂ ਸਿੰਘ ਤੇ ਸ. ਅਵਤਾਰ ਸਿੰਘ ਦਾਲੀ ਨੇ ਦੱਸਿਆ ਕਿ ਹਰ ਸਾਲ ਦੀ ਤਰਾਂ ਕਰਵਾਇਆ ਜਾਣ ਵਾਲਾ ਸਾਲਾਨਾ ਛਿੰਝ ਮੇਲਾ ਇਸ ਵਾਰ ਮੁਲਤਵੀ ਕਰ ਦਿੱਤਾ ਗਿਆ ਹੈ ਤੇ ਜੋ ਰਕਮ ਛਿੰਝ ਮੇਲੇ 'ਤੇ ਖਰਚ ਕੀਤੀ ਜਾਂਦੀ ਸੀ, ਉਹ ਰਕਮ ਹੁਣ ਹੜ੍ਹ ਪੀੜਤਾਂ ਦੀ ਮੱਦਦ ਤੇ ਪੁਨਰ ਨਿਵਾਸ 'ਤੇ ਖਰਚ ਕੀਤੀ ਜਾਵੇਗੀ । ਇਹ ਫੈਸਲਾ ਗ੍ਰਾਮ ਪੰਚਾਇਤ, ਐੱਨ. ਆਰ. ਆਈ ਵੀਰਾਂ ਤੇ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਰਬਸੰਮਤੀ ਨਾਲ ਲਿਆ ਗਿਆ ਹੈ ।

## ਰੂਪਨਗਰ ਪ੍ਰਸਾਸਨ ਹੜਾਂ ਦੀ ਮਾਰ ਪ੍ਰਤੀ ਪੂਰਾ ਗੰਭੀਰ:ਰਾਮਪਾਲ ਅਬਿਆਣਾ



**ਰੋਪੜ( ਚਰਨਜੀਤ ਸੱਲ੍ਹਾਂ )** ਅੱਜ ਹਲਕਾ ਰੂਪਨਗਰ ਦੇ ਬਹੁਜਨ ਸਮਾਜ ਆਗੂਆਂ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਇਸ ਮੀਟਿੰਗ ਵਿੱਚ ਮਾਸਟਰ ਰਾਮਪਾਲ ਅਬਿਆਣਾ ਵਲੋਂ ਜਿਲ੍ਹਾ ਰੂਪਨਗਰ ਦੇ ਡਿਪਟੀ ਕਮਿਸ਼ਨਰ ਜੀ ਅਤੇ ਸਮੂਹ ਪ੍ਰਸਾਸ਼ਨ ਵਲੋਂ ਹੜਾ ਦੀ ਮਾਰ ਝੱਲ ਰਹੇ ਰੂਪਨਗਰ ਵਾਸੀਆਂ ਦੀ ਸਹਾਇਤਾ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸਲਾਘਾ ਕੀਤੀ ਅਤੇ ਉਨ੍ਹਾਂ ਕਿਹਾ ਕਿ ਮਾਨਯੋਗ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਐਮ ਐਲ ਏ ਸ੍ਰੀ ਦਿਨੇਸ਼ ਚੱਢਾ ਐਮ ਐਲ ਏ ਸ੍ਰੀ ਚਰਨਜੀਤ ਸਿੰਘ ਜੀ ਵੀ ਆਪਣੇ ਆਪਣੇ ਹਲਕਿਆਂ ਵਿੱਚ ਹੜ ਪ੍ਰਭਾਵਿਤ ਇਲਾਕਿਆਂ ਵਿੱਚ ਹੀ ਵਿਚਰਦੇ ਨਜਰ ਆ ਰਹੇ ਹਨ।ਕਿਉਂਕਿ ਵਕਤ ਪੈਣ ਤੇ ਲੋਕਾਂ ਨਾਲ ਖੜਨ ਵਾਲੇ ਨੇਤਾ ਹੀ ਅਸਲੀ ਨੇਤਾ ਹੁੰਦੇ ਹਨ।ਉਹਨਾਂ ਦੇ ਨਾਲ ਮਾਸਟਰ ਮੋਹਨ ਸਿੰਘ ਨੌਧੇਮਾਜਰਾ ਸ਼ਿੰਗਾਰਾ ਸਿੰਘ ਬਰਾਰੀ ਮਾਸਟਰ ਗੁਰਚਰਨ ਸਿੰਘ ਖਟਾਣਾ ਗੁਰਵਿੰਦਰ ਸਿੰਘ ਗੋਲਡੀ ਪਰਖਾਲੀ ਜਗਤਾਰ ਸਿੰਘ ਅਬਿਆਣਾ ਜਗਤਾਰ ਸਿੰਘ ਟਿੱਬਾ ਟੱਪਰੀਆਂ ਆਗੂਆਂ ਨੇ ਹਿੱਸਾ ਲਿਆ । ਆਪਣੇ ਆਪਣੇ ਵਿਚਾਰ ਦੱਸੇ ਤੇ ਆਉਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਬਾਰੇ ਵੀ ਚਰਚਾ ਕੀਤੀ।

## ਰਾਏਪੁਰ ਅਰਾਈਆਂ ਵਿਖੇ ਭਾਰੀ ਬਾਰਿਸ਼ ਦੇ ਕਾਰਣ ਪਾਲਤੂ ਪਸ਼ੂਆਂ ਨੂੰ ਰੱਖਣ ਲਈ ਬਣਾਏ ਮਕਾਨ ਦੀ ਛੱਤ ਡਿੱਗੀ

### ਇੱਕ ਕੱਟੀ ਤੇ ਇੱਕ ਮੱਝ ਵੀ ਮਾਮੂਲੀ ਜਖ਼ਮੀ



**ਫਿਲੌਰ/ਅੱਪਰਾ (ਦੀਪਾ)**- ਕਰੀਬੀ ਪਿੰਡ ਰਾਏਪੁਰ ਅਰਾਈਆਂ ਕਲੋਨੀਆਂ ਵਿਖੇ ਬੀਤੇ ਕਈ ਦਿਨਾਂ ਤੋਂ ਹੋ ਰਹੀ ਭਾਰੀ ਬਾਰਿਸ਼ ਦੇ ਕਾਰਣ ਇੱਕ ਵਿਅਕਤੀ ਦੇ ਮਕਾਨ ਦੀ ਛੱਤ ਡਿੱਗ ਪਈ, ਜਿਸ ਕਾਰਣ ਉਸਦੇ ਪਾਲਤੂ ਪਸ਼ੂ ਇੱਕ ਕੱਟੀ ਤੇ ਮੱਝ ਜਖ਼ਮੀ ਹੋ ਗਏ । ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਪੀਰ ਦੱਤਾ ਵਾਸੀ ਪਿੰਡ ਰਾਏਪੁਰ ਅਰਾਈਆਂ ਕਲੋਨੀਆਂ ਨੇ ਭਾਰੀ ਬਾਰਿਸ਼ ਦੇ ਕਾਰਣ ਬੀਤੇ ਦਿਨ ਸ਼ਾਮ 5 ਵਜੇ



ਉਸਦੇ ਪਸ਼ੂਆਂ ਨੂੰ ਰੱਖਣ ਲਈ ਬਣਾਏ ਮਕਾਨ ਦੀ ਛੱਤ ਡਿੱਗ ਪਈ, ਜਿਸ ਕਾਰਣ ਉਸਦਾ ਭਾਰੀ ਮਾਲੀ ਨੁਕ-ਸਾਨ ਹੋ ਗਿਆ।

# ਬੰਗਾ ਹਲਕੇ ਵਿੱਚ ਹੜ੍ਹ ਤੋਂ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਨ ਪਹੁੰਚੇ ਪ੍ਰਵੀਨ ਬੰਗਾ

**ਬੰਗਾ ( ਚਰਨਜੀਤ ਸੱਲ੍ਹਾਂ )**1988 ਵਿੱਚ ਪੰਜਾਬ ਵਿੱਚ ਹੜ੍ਹ ਆਏ ਉਦੋਂ ਉਮਰ ਛੋਟੀ ਸੀ। ਪਰ ਇਸ ਵਾਰ ਆਈ ਪਾਣੀ ਦੀ ਮਾਰ ਨੂੰ ਅੱਖੀਂ ਵੇਖ ਰਹੇ ਹਾਂ ਸਚਮੁੱਚ ਭਾਵੁਕ ਕਰ ਦੇਣ ਵਾਲਾ ਮੰਜ਼ਰ। ਬੇਵੱਸ ਲੋਕ ਪੀਣ ਵਾਲੇ ਪਾਣੀ, ਰੋਜ਼ਮਰਾ ਵਰਤਣ ਦੀਆਂ ਚੀਜ਼ਾਂ ਤੋਂ ਬਗੈਰ ਬੇਹਾਲ ਹਨ। ਪਸ਼ੂਆਂ ਵਾਸਤੇ ਚਾਰਾ ਨਹੀਂ। ਜਿਥੇ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਨੂੰ ਹੜਾਂ ਨੇ ਆਪਣੀ ਲਪੇਟ ਵਿੱਚ ਲਿਆ





ਹੈ ਉਥੇ ਸਾਡੇ ਹਲਕੇ ਬੰਗਾ ਦੇ ਕਈ ਪਿੰਡ ਪ੍ਰਭਾਵਿਤ ਹੋਏ ਹਨ। ਚੇਤਾ ਪਿੰਡ ਵਿੱਚ ਬਹੁਤ ਜ਼ਿਆਦਾ ਪਾਣੀ ਹੈ। ਪਿੰਡ ਦਾ ਸੰਪਰਕ ਟੁੱਟ ਚੁੱਕਾ ਹੈ। ਘਰਾਂ ਵਿੱਚ ਜਾ ਕੇ ਦੇਖਿਆ ਕਈ ਘਰ ਬਹੁਤ ਹੀ ਖ਼ਸਤਾ ਸਥਿਤੀ ਵਿਚ ਹਨ। ਇਸੇ ਤਰ੍ਹਾਂ ਪਠਲਾਵਾ, ਲੋਧੀਪੁਰ, ਰਾਮਪੁਰ ਕਟਾਰੀਆ ਦੇ ਨਾਲ ਲਗਦੀਆਂ ਡਰੇਨਾਂ, ਬੇਈਂਆ ਦੀ ਕੋਈ ਸਫਾਈ ਨਹੀਂ ਹੋਈ। ਜਿਸ ਕਰਕੇ ਬਹੁਤ ਸਾਰੇ ਪਿੰਡਾਂ ਵਿੱਚ ਪਾਣੀ ਦੇ ਆਉਣ ਦਾ ਖ਼ਦਸ਼ਾ ਬਣਿਆ ਹੋਇਆ ਹੈ। ਪ੍ਰਸ਼ਾਸਨ ਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ। ਜਿਹੜੀਆਂ ਮਸ਼ੀਨਾਂ ਹੁਣ ਲੈ ਕੇ ਸਫ਼ਾਈਆਂ ਕਰਵਾ ਰਹੇ ਹਨ ਜੇਕਰ ਪਹਿਲਾਂ ਧਿਆਨ ਦਿੱਤਾ ਹੁੰਦਾ ਤਾਂ ਸ਼ਾਇਦ ਇਹ ਹਾਲਾਤ ਨਾ ਹੁੰਦੇ। ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ ਦੀ ਅਗਵਾਈ ਵਿੱਚ ਪੂਰੀ ਟੀਮ ਨੇ ਅੱਜ ਹਲਕੇ ਦੇ ਹੜ੍ਹ ਤੋਂ ਪ੍ਰਭਾਵਿਤ ਪਿੰਡਾਂ ਦੌਰਾ ਕੀਤਾ ਅਤੇ ਆ ਰਹੀਆਂ ਮੁਸਕਲਾਂ ਨੂੰ ਹੱਲ ਕਰਨ ਦੀ ਪ੍ਰਸ਼ਾਸਨ ਨੂੰ ਅਪੀਲ ਵੀ ਕੀਤੀ। ਇਨ੍ਹਾਂ ਦੇ ਨਾਲ ਸਨ ਵਿਜੇ ਗੁਣਾਚੌਰ ਜ਼ਿਲ੍ਹਾ ਸਕੱਤਰ ਬਸਪਾ, ਅਸ਼ੋਕ ਕੁਮਾਰ ਖੋਥੜਾ ਉਪ ਪ੍ਰਧਾਨ ਬੰਗਾ ਅਤੇ ਹੋਰ ਸਾਥੀ ਵੀ ਸਨ।

# ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਵਾਇਆ

**ਪਟਿਆਲਾ (ਰਮੇਸ਼ਵਰ ਸਿੰਘ )** ਫਰੈਂਡਜ ਵੈਲਫ਼ੇਅਰ ਕਲੱਬ ਪਿੰਡ ਸਿਉਨਾ ਵੱਲੋਂ ਗ੍ਰਾਮ ਪੰਚਾਇਤ ਪਿੰਡ ਸਿਉਨਾ ਦੇ ਸਹਿਯੋਗ ਨਾਲ ਗੁਰਜੰਟ ਸਿਉਨਾ ਤੇ ਹਰੀਸ਼ ਪਟਿਆਲਵੀ ਦੀ ਅਗਵਾਈ ਹੇਠ ਐੱਸ ਬੀ ਆਈ ਕਾਰਡ ਪਹਿਲ ਯੋਜਨਾ ਤਹਿਤ ਕੈਂਸਰ ਵਰਲਡ ਕੈਂਸਰ ਕੇਅਰ ਦੇ ਚੇਅਰਮੈਨ ਕੁਲਵੰਤ ਸਿੰਘ ਜੀ ਧਾਲੀਵਾਲ ਦੀ ਰਹਿਨੁਮਾਈ ਹੇਠ ਪਿੰਡ ਸਿਉਣਾ ਦੇ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਵਾਇਆ ਜਿਸ ਵਿੱਚ ਵਰਲਡ ਕੈਂਸਰ ਕੇਅਰ ਦੀ ਪੱਚੀ ਮੈਂਬਰੀ ਡਾਕਟਰੀ ਟੀਮ ਨੇ ਡਾ ਢਿੱਲੋਂ ਦੀ ਅਗਵਾਈ ਹੇਠ ਚਾਰ ਆਧੁਨਿਕ ਲੈਬ ਬੱਸਾਂ ਪਹੁੰਚ ਰਹੀਆਂ ਹਨ ਜਿਨ੍ਹਾਂ ਵਿਚ ਔਰਤਾਂ ਦੀ ਛਾਤੀ ਮੈਮੋਗਰਾਫੀ ਟੈਸਟ,






ਬੱਚੇਦਾਨੀ ਲਈ ਪੈਪ ਸਮੇਅਰ ਟੈਸਟ, ਗਦੂਦਾਂ ਦੀ ਜਾਂਚ, ਮੂੰਹ ਗਲੇ ਦੀ ਜਾਂਚ, ਬਲੱਡ ਕੈਂਸਰ ਦੀ ਜਾਂਚ ਟੈਸਟ, ਹੱਡੀਆਂ, ਸ਼ੂਗਰ, ਟੈਸਟ ਤੇ ਬੀ ਪੀ ਦੇ 274 ਮਰੀਜਾਂ ਦੀ ਜਾਂਚ ਕੀਤੀ ਗਈ ਇਸ ਕੈਂਪ ਮੌਕੇ ਕੈਂਸਰ ਦੀ ਪਹਿਚਾਣ, ਲੱਛਣ ਤੇ ਬਚਾਅ ਸੰਬੰਧੀ ਸੁਝਾਅ ਦੱਸੇ ਗਏ ਅਤੇ ਮਾਹਿਰਾਂ ਵੱਲੋਂ ਕੈਂਸਰ ਅਵੇਅਰਨੈਸ ਤੇ ਭਾਸ਼ਣ ਦਿੱਤੇ ਗਏ ਇਸ ਕੈਂਪ ਦਾ ਉਦਘਾਟਨ ਮਾਣਯੋਗ ਮੇਘ ਚੰਦ ਸ਼ੇਰ ਮਾਜਰਾ ਚੇਅਰ ਮੇਨ ਇੰਪਰੂਵਮੈਂਟ ਟਰੱਸਟ ਪਟਿਆਲਾ ਗੁਰਧਿਆਨ ਸਿੰਘ ਸਿਉਨਾ ਪ੍ਰਧਾਨ ਕਿਸਾਨ ਵਿੰਗ ਪਟਿਆਲਾ ਤੇ ਰੀਬੰਨ ਕੱਟ ਕੇ ਕੀਤਾ

ਸ੍ਰੀ ਮੇਘ ਚੰਦ ਜੀ ਨੇ ਨੌਜਵਾਨਾਂ ਵਲੋਂ ਕੀਤੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਲੋਕ ਭਲਾਈ ਕਾਰਜਾਂ ਖੇਡਾਂ ਦੇ ਖੇਤਰ ਵਿੱਚ ਇਸ ਤਰ੍ਹਾਂ ਦੇ ਪੋਗਰਾਮ ਉਲੀਕਣ ਦੀ ਬਹੁਤ ਲੋੜ ਹੈ

ਪ੍ਰੋਗਰਾਮ ਦੀ ਪ੍ਰਧਾਨਗੀ ਸਰਪੰਚ ਮਲਕੀਤ ਸਿੰਘ ਸਰਪੰਚ ਪਿੰਡ ਸਿਉਨਾ,ਅਮਰੀਕ ਸਿੰਘ ਸਾਬਕਾ ਸਰਪੰਚ ਪਿੰਡ ਸਿਉਨਾ ਨੇ ਸਾਂਝੇ ਤੌਰ ਤੇ ਕੀਤੀ ਵਿਸ਼ੇਸ਼ ਮਹਿਮਾਨ ਵਜੋਂ ਸ੍ਰ ਸੁਖਪਾਲ ਸਿੰਘ ਸਾਬਕਾ ਚੈਅਰਮੈਨ ਬਲਾਕ ਸੰਮਤੀ ਪਟਿਆਲਾ , ਸੰਜੀਵ ਅਗਰਵਾਲ ਅਫ਼ਸਰ ਐਸ ਬੀ ਆਈ ਪਟਿਆਲਾ ਹਰਿੰਦਰ ਸਿੰਘ ਸਰਪੰਚ ਹਰਦਾਸਪੁਰ, ਜਸਵਿੰਦਰ ਕੌਰ ਸਰਪੰਚ ਲੰਗ, ਗੁਰਨਾਮ ਸਿੰਘ ਲਾਡੀ ਸਰਪੰਚ ਪਿੰਡ ਜੱਸੋਵਾਲ, ਕੁਲਵੰਤ ਸਿੰਘ ਰੋਂਗਲਾ ਸਾਬਕਾ ਸਰਪੰਚ ਰੌਂਗਲਾ, ਇੰਦਰ ਪ੍ਰੀਤ ਸਿੰਘ ਕਲੱਬ ਪ੍ਰਧਾਨ ਸ਼ਹੀਦ ਭਗਤ ਸਿੰਘ ਯੂਥ ਕਲੱਬ ਬਾਰਨ, ਅਮਰੀਕ ਸਿੰਘ ਮੀਕਾ, ਵਰਿੰਦਰ ਅਜਨੋਦਾ ਪ੍ਰਧਾਨ ਜਨ ਚੇਤਨਾ ਯੂਥ ਕਲੱਬ ਰਣਜੀਤ ਨਗਰ , ਗੁਰਦੀਪ ਸਿੰਘ ਲੰਗ, ਜੱਗੀ ਰੋਂਗਲਾਂ, ਜੱਸੂ ਧੀਮਾਨ ਸਕੱਤਰ,ਅਜੈਬ ਸਿੰਘ ਪੰਚ, ਬਹਾਦਰ ਸਿੰਘ ਪੰਚ, ਵਿਲੀਅਮ ਜੀਤ ਸਿੰਘ ਸਾਬਕਾ ਪੰਚ, ਕਲੱਬ ਦੇ ਨੌਜਵਾਨ ਗੁਰਪ੍ਰੀਤ ਸਿੰਘ ਧਨਵੰਤ ਸਿੰਘ, ਸਿਕੰਦਰ ਸ਼ਰਮਾ, ਗੁਰਮੀਤ ਸਿੰਘ ਗੁਰਜੀਵਨ ਸਿੰਘ, ਯੁਵਰਾਜ, ਮੱਘਰ ਸਿੰਘ, ਆਦਿ ਹਾਜ਼ਰ ਸਨ

ਕਲੱਬ ਪ੍ਰਧਾਨ ਵਿੱਕੀ ਸਿਉਨਾ ਨੇ ਆਏ ਸਾਰੇ ਮਹਿਮਾਨਾਂ ਨੂੰ ਜੀ ਆਇਆ ਕਿਹਾ ਤੇ ਗੁਰਧਿਆਨ ਸਿੰਘ ਨੇ ਧੰਨਵਾਦੀ ਸ਼ਬਦ ਕਹੇ ਪ੍ਰੋਗਰਾਮ ਦੋਰਾਨ ਸਵੇਰ ਦੇ ਨਾਸ਼ਤੇ ਅਤੇ ਦੁਪਹਿਰ ਦੇ ਖਾਣੇ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ

**ਵੱਲੋ-**
**ਵਿੱਕੀ ਸਿਉਨਾ**
**ਪ੍ਰਧਾਨ ਫਰੈਡਜ਼ ਵੈਲਫ਼ੇਅਰ ਕਲੱਬ**
**ਪਿੰਡ ਸਿਉਣਾ 97797 63963**

# ਅਧਿਆਪਕ ਦਿਵਸ 'ਤੇ ਭਾਈਚਾਰੇ ਤੋਂ ਮੁਆਫ਼ੀ ਮੰਗਦਿਆਂ

ਮੈਂ ਖ਼ੁਦ ਨਵੰਬਰ 1973 ਤੋਂ ਅਪ੍ਰੈਲ 2013 ਤੱਕ ਸਰਕਾਰੀ ਸਕੂਲ ਅਧਿਆਪਕ ਰਿਹਾ ਹਾਂ । ਪੰਜ ਸਕੂਲਾਂ ਵਿੱਚ ਸੇਵਾ ਨਿਭਾ ਕੇ ਉਸੇ ਭਸੌੜ ਪਿੰਡ ਦੇ ਸੀਨੀਅਰ ਸੈਕੰਡਰੀ ਸਕੂਲ 'ਤੋਂ ਸੇਵਾ ਮੁਕਤ ਹੋਇਆ ਹਾਂ ਜਿਸ ਵਿੱਚ ਕਦੇ ਆਪ ਪੜ੍ਹਿਆ ਸੀ ।

ਅਜੇ ਤੱਕ ਵੀ ਜਦੋਂ ਕੋਈ ਵਿਦਿਆਰਥੀ ਮਿਲਦਾ ਹੈ ਗੋਡੀਂ ਹੱਥ ਲਾ ਕੇ ਸਤਿਕਾਰ ਦਿੰਦਾ ਹੈ । ਏਨਾਂ ਹੀ ਨਹੀਂ ਕਈ ਤਾਂ ਘਰੇਂ ਆ ਕੇ ਮਿਲ ਕੇ ਜਾਂਦੇ ਹਨ , ਆਪਣੀਆਂ ਖ਼ੁਸ਼ੀਆਂ ਗ਼ਮੀਆਂ ਵਿੱਚ ਵੀ ਬੁਲਾਉਂਦੇ ਹਨ ਕਿਉਂਕਿ ਸਿਲੇਬਸ ਦੀ ਕਿਤਾਬੀ ਸਿੱਖਿਆ ਤੋਂ ਇਲਾਵਾ ਨੈਤਿਕ ਸਿੱਖਿਆ ਮੁੱਠੀਆਂ ਭਰ ਭਰ ਵੰਡੀ ਸੀ , ਵਿਦਿਆਰਥੀਆਂ ਨੂੰ ਸਾਹਿਤ , ਸੱਭਿਆਚਾਰ ਅਤੇ ਕਲਾਤਮਿਕ ਗਤੀਵਿਧੀਆਂ ਨਾਲ਼ ਜੋੜਦੇ ਰਹੇ ਹਾਂ । ਵਿਦਿਆਰਥੀਆਂ ਨੂੰ ਆਪਣੇ ਧੀਆਂ ਪੁੱਤਾਂ ਵਾਂਗ ਸਮਝਦੇ ਰਹੇ ਹਾਂ , ਹੁਸ਼ਿਆਰ ਬੱਚਿਆਂ ਦੇ ਮਾਪਿਆਂ ਨਾਲ਼ ਵੀ ਸੰਪਰਕ ਰੱਖੀਂਦਾ ਸੀ ।

ਸਾਡੇ ਸਮਿਆਂ ਦੇ ਬਹੁ ਗਿਣਤੀ ਅਧਿਆਪਕਾਂ ਦਾ ਵੀ ਇਹੋ ਰੁਝਾਨ ਸੀ । ਅੱਜ ਕੱਲ੍ਹ ਬਹੁਤੇ ਜਾਣਕਾਰਾਂ ਵੱਲੋਂ ਇੱਕੋ ਸਵਾਲ ਵਾਰ ਵਾਰ ਕੀਤਾ ਜਾਂਦਾ ਹੈ ਕਿ ਹੁਣ ਪਹਿਲਾਂ ਵਰਗੇ ਅਧਿਆਪਕ ਅਤੇ ਵਿਦਿਆਰਥੀ ਨਹੀਂ ਰਹੇ । ਨੰਬਰ 90 ਫ਼ੀਸਦੀ ਤੋਂ ਵੀ ਉੱਪਰ ਅਸਲ ਗਿਆਨ ਨੇੜੇ ਤੇੜੇ ਵੀ ਨਹੀਂ ਤਾਂ ਮੇਰਾ ਇੱਕੋ ਜਵਾਬ ਹੁੰਦਾ ਹੈ ਕਿ ਇਸ ਦੇ ਕਾਰਨ ਤਾਂ ਭਾਵੇਂ ਅਨੇਕਾਂ ਹੋ ਸਕਦੇ ਹਨ ਪ੍ਰੰਤੂ ਮੈਨੂੰ ਸਭ ਤੋਂ ਮੁੱਢਲਾ ਅਤੇ ਵੱਡਾ ਕਾਰਨ ਇਹ ਜਾਪਦਾ ਹੈ ਕਿ ਪਹਿਲਾਂ ਅਧਿਆਪਕ ਸਿਰਫ਼ ਉਹ ਵਿਅਕਤੀ ਬਣਦਾ ਸੀ ਜਿਸ ਦੀ ਆਪਣੀ ਰੁਚੀ ਹੁੰਦੀ ਸੀ , ਜੋ ਇਸ ਨੂੰ ਨੌਕਰੀ ਘੱਟ ਸਗੋਂ ਸੇਵਾ ਸਮਝ ਕੇ ਅਪਣਾਉਂਦਾ ਸੀ , ਲੇਕਿਨ ਬਾਅਦ ਵਿੱਚ ਇਸ ਤਰ੍ਹਾਂ ਨਹੀਂ ਰਿਹਾ । ਪਦਾਰਥਵਾਦ ਭਾਰੂ ਹੋਣ ਤੋਂ ਬਾਅਦ ਅਸੀਂ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਮਾਨਸਿਕ ਤੌਰ 'ਤੇ ਇਸ ਤਰ੍ਹਾਂ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਤੂੰ ਡਾਕਟਰ , ਇੰਜਨੀਅਰ , ਆਈ ਏ ਐੱਸ , ਪੀ ਸੀ ਐੱਸ , ਆਈ ਪੀ ਐੱਸ ਜਾਂ ਪੀ ਪੀ ਐੱਸ ਬਣਨਾ ਹੈ ਜਾਂ ਫ਼ਿਰ ਜੇਕਰ ਛੋਟਾ ਕਰਮਚਾਰੀ ਵੀ ਬਣਨਾ ਪਿਆ ਤਾਂ ਕਿਸੇ ਅਜਿਹੇ ਮਹਿਕਮੇ ਵਿੱਚ ਜਾਣਾ ਹੈ ਜਿੱਥੇ ਉੱਪਰਲੀ ਕਮਾਈ ਤਨਖ਼ਾਹ ਨਾਲ਼ੋਂ ਵੀ ਜ਼ਿਆਦਾ ਹੋਵੇ । ਜਦੋਂ ਵੱਡਾ ਹੋ ਕੇ ਕੋਈ ਧੀ ਪੁੱਤ ਇਹਨਾਂ ਵਿੱਚੋਂ ਕੁੱਝ ਵੀ ਨਹੀਂ ਬਣ ਸਕਦਾ ਤਾਂ ਮਾਪੇ ਉਸ ਨੂੰ ਕਹਿੰਦੇ ਹਨ ਕਿ ਹੁਣ ਤੂੰ ਬੀ.ਐੱਡ ਕਰ ਲੈ । ਸਰਕਾਰੀ ਨੌਕਰੀ ਨਾ ਵੀ ਮਿਲੀ ਤਾਂ ਪ੍ਰਾਈਵੇਟ ਸਹੀ ਜਾਂ ਫ਼ਿਰ ਟਿਊਸ਼ਨ ਤਾਂ ਮਿਲ ਹੀ ਜਾਊਗੀ । ਹੁਣ ਤੁਸੀਂ ਹੀ ਦੱਸੋ ਕਿ ਜਿਹੜਾ ਵਿਅਕਤੀ ਅਣਮੰਨੇ ਮਨ ਨਾਲ਼ ਅਧਿਆਪਕ ਬਣਿਆਂ ਹੋਵੇਗਾ ਉਹ ਆਪਣੇ ਕੰਮ ਅਤੇ ਫ਼ਰਜ਼ ਨਾਲ਼ ਕਿੰਨਾਂ ਕੁ ਇਨਸਾਫ਼ ਕਰ ਸਕੇਗਾ । ਇਸ ਗੱਲ ਦਾ ਅਸਰ ਵਿਦਿਆਰਥੀਆਂ ਉੱਪਰ ਵੀ ਸਾਫ਼ ਨਜ਼ਰ ਆਉਂਦਾ ਹੈ ।



**ਮੂਲ ਚੰਦ ਸ਼ਰਮਾ ਪ੍ਰਧਾਨ , ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
**9914836037**

# ਭਗਤ ਨਾਮਦੇਵ ਸੁਸਾਇਟੀ ਵੱਲੋਂ ਵੈਨਕੂਵਰ ਚ ਸਲਾਨਾ ਸਮਾਗਮ ਆਯੋਜਿਤ






ਸਮਾਗਮ ਦੀਆਂ ਵੱਖ ਵੱਖ ਝਲਕੀਆਂ

**ਵੈਨਕੂਵਰ ,ਸਤੰਬਰ ( ਮਲਕੀਤ ਸਿੰਘ)–** ਭਗਤ ਨਾਮਦੇਵ ਸੋਸਾਇਟੀ ਵੱਲੋਂ ਵੈਨਕੂਵਰ ਸਥਿਤ ਕਵੀਨਜ ਬਰੋਅ ਪਾਰਕ ਚ ਸਲਾਨਾ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਸੋਸਾਇਟੀ ਨਾਲ ਜੁੜੇ ਮੈਂਬਰਾਂ ਅਤੇ ਉਹਨਾਂ ਦੇ ਪਰਿਵਾਰਾਂ ਨੇ ਸ਼ਿਰਕਤ ਕਰਕੇ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ੀਆਂ ਕੀਤੀਆਂ। ਇਸ ਸਬੰਧੀ ਪ੍ਰਧਾਨ ਬਲਵੰਤ ਕੈਂਥ ਦਰਸ਼ਨ ਕੈਂਥ ਅਤੇ ਮਨਜੀਤ ਪਰਵਾਹਾ ਨੇ ਸਾਂਝੇ ਤੌਰ ਤੇ ਦੱਸਿਆ ਕਿ ਇਸ ਮੌਕੇ ਤੇ ਉਕਤ ਸੁਸਾਇਟੀ ਨਾਲ ਜੁੜੇ ਮੈਂਬਰਾਂ ਵੱਲੋਂ ਬੈਡਮਿੰਟਨ ਦੇ ਮੈਚ ਤੋਂ ਇਲਾਵਾ ਕੁਝ ਹੋਰ ਦਿਲਚਸਪ ਖੇਡਾਂ ਦਾ ਵੀ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਮੋਤੀ ਰਾਜਾ ਕੈਟਰਿੰਗ ਵੱਲੋਂ ਖਾਣ ਪੀਣ ਦੇ ਸਵਾਦਲੇ ਪਕਵਾਨਾਂ ਦਾ ਇੰਤਜ਼ਾਮ ਕੀਤਾ ਗਿਆ ਸੀ।। ਜਿਸ ਦਾ ਉੱਥੇ ਹਾਜ਼ਰ ਸਮੂਹ ਮੈਂਬਰਾਂ ਨੇ ਆਨੰਦ ਮਾਣਿਆ। ਜ਼ਿਕਰਯੋਗ ਹੈ ਕਿ ਉਕਤ ਸੁਸਾਇਟੀ ਵੱਲੋ ਪਿਛਲੇ 25 ਸਾਲ ਤੋਂ ਹਰ ਸਾਲ ਇਹ ਸਮਾਗਮ ਆਯੋਜਿਤ ਕੀਤਾ ਜਾਂਦਾ ਹੈ।। ਇਸ ਸਮਾਗਮ ਦੇ ਅਖੀਰ ਵਿੱਚ ਪੰਜਾਬ ਚ ਆਏ ਹੜਾਂ ਦੀ ਕੁਦਰਤੀ ਕਰੋਪੀ ਕਾਰਨ ਹੋਏ ਵਿੱਤੀ ਨੁਕਸਾਨ ਸਬੰਧੀ ਦੁੱਖ ਜਾਹਰ ਕੀਤਾ ਗਿਆ ਅਤੇ ਸਮੂਹ ਪ੍ਰਵਾਸੀ ਭਾਈਚਾਰੇ ਨੂੰ ਹੜ ਪੀੜਤਾਂ ਦੀ ਮਦਦ ਕਰਨ ਦੀ ਅਪੀਲ ਵੀ ਕੀਤੀ ਗਈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਨਿਊ ਰੇਲਿੰਗ ਕੰਪਨੀ ਤੋਂ ਨਿਰਭੈ ਸਿੰਘ ਕੈਂਥ, ਬਲਬੀਰ ਸਿੰਘ ਕੈਥ, ਏਕਮ ਸਿੰਘ ਕੈਂਥ,ਹਰਨੇਕ ਸਿੰਘ ਰਤਨ, ਹਰਪ੍ਰੀਤ ਸੇਖਾ, ਮੋਹਨ ਗਿੱਲ,ਲੇਖਕ ਅਮਨ ਅਸ਼ੀਸ ਸਿੰਘ ਅਤੇ ਭਾਗ ਸਿੰਘ ਜੱਸਲ ਆਦਿ ਹਾਜ਼ਰ ਸਨ।

# ਪੰਜਾਬ ਦਾ ਬੋਧੀ ਭਾਈਚਾਰਾ ਹੜ੍ਹ ਪੀੜਤਾਂ ਦੀ ਮਦਦ ਕਰੇਗਾ



**ਜਲੰਧਰ (ਪਰਮਜੀਤ ਜੱਸਲ)–** ਪੰਜਾਬ ਬੁੱਧਿਸਟ ਫੋਰਮ, ਪੰਜਾਬ ਦਾ ਸਮੂਹ ਅੰਬੇਡਕਰਵਾਦੀ, ਬੋਧੀ ਭਾਈਚਾਰਾ ਅਤੇ ਅੰਬੇਡਕਰਾਇਡ ਬੁੱਧਿਸਟ ਕੋਆਰਡੀਨੇਸ਼ਨ ਕਮੇਟੀ ਪੰਜਾਬ ਦੇ ਬੁੱਧੀਜੀਵੀ ਆਗੂਆਂ ਨੇ ਪੰਜਾਬ ਵਿੱਚ ਆਏ ਹੜ੍ਹਾਂ ਦੇ ਕਾਰਣ ਸਮੁੱਚੇ ਪੰਜਾਬੀਆਂ ਖਾਸਕਰ ਨੀਵੇਂ ਇਲਾਕਿਆਂ ਅਤੇ ਪਿੰਡਾਂ ਦੇ ਗ਼ਰੀਬ ਕਿਸਾਨ , ਮਜ਼ਦੂਰ ਅਤੇ ਗਰੀਬ ਸਮਾਜ ਦੇ ਦੁਖੀ ਅਤੇ ਸੰਤਾਪ ਝੱਲ ਰਹੇ ਲੋਕਾਂ ਨਾਲ ਔਖੀ ਘੜੀ 'ਚ ਗਹਿਰਾ ਦੁੱਖ, ਡੂੰਘੀ ਸੰਵੇਦਨਾ ਅਤੇ ਦਿਲੀ ਹਮਦਰਦੀ ਪ੍ਰਗਟ ਕੀਤੀ ਹੈ। ਇਸ ਕੁਦਰਤੀ ਆਫ਼ਤ 'ਚ ਪੰਜਾਬ ਦੇ ਸਾਰੇ ਬੁੱਧ ਵਿਹਾਰਾਂ ਅਤੇ ਮਾਨਵਤਾਵਾਦੀ ਸੰਸਥਾਵਾਂ ਆਪਣੀ ਹੈਸੀਅਤ ਮੁਤਾਬਕ ਹੜ੍ਹ ਪੀੜਤਾਂ ਤੇ ਜਰੂਰਤਮੰਦ ਦੀ ਹਰ ਸੰਭਵ 'ਚ ਮਦਦ ਕਰਨ ਦਾ ਭਰੋਸਾ ਦਿਵਾਉਂਦੇ ਹਾਂ । ਮੁਸੀਬਤਾਂ ਨਾਲ ਜੂਝ ਰਹੇ ਜਰੂਰਤਮੰਦਾਂ ਹੜ੍ਹ ਪੀੜ੍ਹਤਾਂ ਦੀ ਅੰਬੇਡਕਰੀ, ਮਿਸ਼ਨਰੀ ਅਤੇ ਮਾਨਵਤਾਵਾਦੀ , ਬੋਧੀ ਸੰਸਥਾਵਾਂ ਅਤੇ ਬੁੱਧ ਵਿਹਾਰਾਂ ਵਲੋਂ ਹਰ ਸੰਭਵ ਸਹਾਇਤਾ ਕਰਾਂਗੇ। ਜਿਹਨਾਂ 'ਚ ਐਡਵੋਕੇਟ ਹਰਭਜਨ ਸਾਂਪਲਾ(ਤਕਸ਼ਿਲਾ ਮਹਾਂਬੁੱਧ ਵਿਹਾਰ ਲੁਧਿਆਣਾ ),ਰਮੇਸ਼ ਸਿੱਧੂ(ਅਨੰਦ ਬੁੱਧ ਵਿਹਾਰ ਅਤੇ ਸਕੂਲ, ਅਨੰਦਗੜ, ਮਹਿਲਾਂਵਾਲੀ, ਹੁਸ਼ਿਆਰਪੁਰ) , ਹੁਸਨ ਲਾਲ ਬੋਧ(ਬੁੱਧ ਵਿਹਾਰ ਸਿੱਧਾਰਥ ਨਗਰ), ਐਡਵੋਕੇਟ ਕੁਲਦੀਪ ਭੱਟੀ , (ਅੰਬੇਡਕਰ ਬੁੱਧਿਸਟ ਰੀਸੋਰਸ ਸੈਂਟਰ ਸੂੰਢ ਨਜ਼ਦੀਕ ਬੰਗਾ ), ਅਸ਼ਵਨੀ ਕੁਮਾਰ,ਪ੍ਰਧਾਨ ਵਿਸ਼ਵ ਬੋਧ ਸੰਘ ਪੰਜਾਬ , ਸ੍ਰ ਹਰਜੀਤ ਸਿੰਘ ਦਿੱਲੀ(ਮਹਾਂਮਾਯਾ ਬੁੱਧ ਵਿਹਾਰ, ਬਲਾਚੌਰ) , ਸੋਢੀ ਰਾਮ ਬੋਧੀ, (ਬੁੱਧ ਵਿਹਾਰ ,ਸੋਫੀ ਪਿੰਡ), ਨੈਣ ਦੀਪ (ਸੰਘਮਿੱਤਰਾ ਬੁੱਧ ਵਿਹਾਰ ਫਗਵਾੜਾ),ਰਮੇਸ਼ ਕੌਲ ਪ੍ਰਧਾਨ ਅੰਬੇਡਕਰ ਪਾਰਕ ਫ਼ਗਵਾੜਾ, ਬਲਦੇਵ ਭਾਰਦਵਾਜ (ਅੰਬੇਡਕਰ ਭਵਨ ਜਲੰਧਰ), ਪ੍ਰਿੰਸੀਪਲ ਪਰਮਜੀਤ ਜੱਸਲ (ਡਾ.ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ), ਐਡਵੋਕੇਟ ਸੰਜੀਵ ਭੌਰਾ(ਬੁੱਧ ਵਿਹਾਰ ਫਿਲੌਰ) , ਧਰਮਵੀਰ ਬੋਧ (ਬੁੱਧ ਵਿਹਾਰ ਫਗਵਾੜਾ ), ਕਸ਼ਮੀਰ ਲੱਧੜ, (ਪੰਚਸ਼ੀਲ ਬੁੱਧ ਵਿਹਾਰ ਹੁਸ਼ਿਆਰਪੁਰ), ਪ੍ਰਸ਼ੋਤਮ ਬੋਧ, (ਜੇਤਵਨ ਬੁੱਧ ਵਿਹਾਰ ਨਕੋਦਰ ), ਬਾਰੂ ਰਾਮ ਬੋਧ (ਅਸ਼ੋਕਾ ਬੁੱਧ ਵਿਹਾਰ ਨਕੋਦਰ), ਮਾਸਟਰ ਕਪਿਲ ਦੇਵ (ਬੁੱਧ ਵਿਹਾਰ ਬਾਠਾਂ) , ਸੰਦੀਪ ਸਰੋਏ(ਅੰਬੇਡਕਰ ਬੁੱਧ ਵਿਹਾਰ ਤਲਵਣ), ਡਾ. ਸੁਧੀਰ ਬੋਧ (ਬੁੱਧ ਵਿਹਾਰ ਗੁਰਦਾਸਪੁਰ) ,ਸੁਖਦਰਸ਼ਨ ਸਿੰਘ(ਬੁੱਧ ਵਿਹਾਰ ਕੋਟਕਪੂਰਾ),ਨਿਰਮਲ ਬੋਧ(ਨਿਰਵਾਣ ਕੁਟੀਆ ਬੁੱਧ ਵਿਹਾਰ ਮਾਹਿਲਪੁਰ) ,ਸੌਰਵ ਜੱਸਲ,(ਪੀਸ ਪਗੋਡਾ ਫ਼ਿਲੌਰ), ਸੁਭਾਸ਼ ਬੋਧ, (ਬੁੱਧਿਸਟ ਮਿਸ਼ਨ ਚੈਰੀਟੇਬਲ ਟਰੱਸਟ ਫਿਲੌਰ ), ਅਤਰਵੀਰ ਸਿੰਘ (ਬੁੱਧ ਵਿਹਾਰ ਰੇਲ ਕੋਚ ਫੈਕਟਰੀ ਕਪੂਰਥਲਾ), ਰਾਮ ਨਰਾਇਣ ਬੋਧ(ਮਿਲਿੰਦ ਬੁੱਧ ਵਿਹਾਰ ਭਾਮੀਆਂ ਲੁਧਿਆਣਾ) , ਮਨੋਹਰ ਲਾਲ ਬਾਲੀ, (ਅੰਬੇਡਕਰ ਭਵਨ ਅਤੇ ਸਕੂਲ ਨਵਾਂ ਸ਼ਹਿਰ), ਭੰਤੇ ਚੰਦਰ ਕੀਰਤੀ, (ਤਰਖਾਣ ਮਜਾਰਾ ਬੁੱਧ ਵਿਹਾਰ ਫਿਲੌਰ), ਧੰਮਾਚਾਰੀ ਨਾਗ ਭੂਸ਼ਣ (ਬੋਧੀਸੱਤਵ ਅੰਬੇਡਕਰ ਸਕੂਲ ਫੂਲ ਪੁਰ ਧਨਾਲ),ਧੰਮਾਚਾਰੀ ਅਚੱਲ ਕੀਰਤੀ (ਅੰਬੇਡਕਰ ਬੁੱਧ ਵਿਹਾਰ ਮਕਸੂਦਾਂ) ਆਦਿ ਅਸੀਂ ਸਾਰੇ ਕੁਦਰਤ ਅੱਗੇ ਹਰ ਇੱਕ ਜੀਵ ਦੇ ਭਲੇ ਦੀ ਕਾਮਨਾ ਕਰਦੇ ਹਾਂ। ਸਭ ਦਾ ਮੰਗਲ ਹੋਵੇ, ਸਭ ਦਾ ਭਲਾ ਹੋਵੇ, ਸਭ ਦਾ ਕਲਿਆਣ ਹੋਵੇ,ਸਾਰੇ ਦੁੱਖਾਂ ਤੋਂ ਮੁਕਤ ਹੋਣ।

# ਸਵੇਰੇ ਦੰਦ ਸਾਫ ਕਰੀਏ ਜਾਂ ਰਾਤ ਸੌਣ ਤੋਂ ਪਹਿਲਾਂ?

ਦੰਦ ਮਨੁੱਖੀ ਸਰੀਰ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਇਹ ਨਾ ਸਿਰਫ਼ ਖਾਣੇ ਨੂੰ ਚਬਾਉਣ ਵਿੱਚ ਸਹਾਇਕ ਹਨ ਸਗੋਂ ਮਨੁੱਖੀ ਸ਼ਖਸ਼ੀਅਤ ਅਤੇ ਚਿਹਰੇ ਦੀ ਸੁੰਦਰਤਾ ਨੂੰ ਸੰਵਾਰਨ ਵਿੱਚ ਵੀ ਵੱਡੀ ਭੂਮਿਕਾ ਨਿਭਾਉਂਦੇ ਹਨ। ਦੰਦਾਂ ਦੀ ਸਿਹਤ ਲਈ ਸਫ਼ਾਈ ਬਹੁਤ ਜ਼ਰੂਰੀ ਹੈ। ਪਿਛਲੇ ਲੰਮੇ ਸਮੇਂ ਤੋਂ ਲੋਕਾਂ ਵਿਚ ਚਰਚਾ ਉੱਠ ਰਹੀ ਹੈ ਕਿ ਦੰਦ ਸਾਫ਼ ਕਰਨ ਦਾ ਸਭ ਤੋਂ ਉਚਿਤ ਸਮਾਂ ਕਿਹੜਾ ਹੈ - ਸਵੇਰੇ ਉੱਠਣ ਤੋਂ ਬਾਅਦ ਜਾਂ ਰਾਤ ਸੌਣ ਤੋਂ ਪਹਿਲਾਂ? ਇਸ ਪ੍ਰਸ਼ਨ ਨੇ ਸਿਰਫ਼ ਆਮ ਲੋਕਾਂ ਨੂੰ ਹੀ ਨਹੀਂ ਸਗੋਂ ਵਿਗਿਆਨੀਆਂ ਅਤੇ ਦੰਦਾਂ ਦੇ ਸਿਹਤ ਮਾਹਿਰਾਂ ਨੂੰ ਵੀ ਵਿਚਾਰ ਕਰਨ ਲਈ ਮਜਬੂਰ ਕੀਤਾ ਹੈ।

**ਸਵੇਰੇ ਦੰਦ ਸਾਫ ਕਰਨ ਦੇ ਲਾਭ**

1. ਤਾਜ਼ਗੀ ਭਰੇ ਸਾਹ ਅਤੇ ਚੁਸਤੀ - ਸਵੇਰੇ ਉੱਠਦਿਆਂ ਮੂੰਹ ਵਿੱਚ ਇੱਕ ਅਜਿਹਾ ਸੁਆਦ ਤੇ ਗੰਧ ਮਹਿਸੂਸ ਹੁੰਦੀ ਹੈ ਜਿਸਨੂੰ ਆਮ ਤੌਰ 'ਤੇ ਮਨੁੱਖੀ ਸਿਹਤ ਲਈ ਮਾੜਾ ਕਿਹਾ ਜਾਂਦਾ ਹੈ। ਅਜਿਹਾ ਰਾਤ ਦੇ ਸਮੇਂ ਲਾਰ ਦੀ ਕਮੀ ਅਤੇ ਬੈਕਟੀਰੀਆ ਦੇ ਵਾਧੇ ਕਾਰਨ ਹੁੰਦਾ ਹੈ। ਸਵੇਰੇ ਦੰਦ ਸਾਫ ਕਰਨ ਨਾਲ ਇਹ ਗੰਧ ਦੂਰ ਹੋ ਜਾਂਦੀ ਹੈ ਅਤੇ ਮਨੁੱਖ ਆਪਣੇ ਆਪ ਨੂੰ ਤਾਜ਼ਗੀ ਭਰਿਆ ਮਹਿਸੂਸ ਕਰਦਾ ਹੈ।

2. ਮਾਨਸਿਕ ਤੌਰ 'ਤੇ ਤਿਆਰੀ - ਦਿਨ ਦੀ ਸ਼ੁਰੂਆਤ ਦੰਦਾਂ ਦੀ ਸਫ਼ਾਈ ਨਾਲ ਹੋਣ ਕਾਰਨ ਮਨੁੱਖ ਦੇ ਦਿਮਾਗ ਵਿੱਚ ਚੁਸਤੀ ਆ ਜਾਂਦੀ ਹੈ। ਵਿਗਿਆਨਿਕ ਖੋਜਾਂ ਦੱਸਦੀਆਂ ਹਨ ਕਿ ਸਵੇਰ ਸਮੇਂ ਦੀਆਂ ਸਿਹਤਮੰਦ ਆਦਤਾਂ ਜਿਨ੍ਹਾਂ ਵਿੱਚ ਸ਼ਾਮਲ ਹੈ ਦੰਦਾਂ ਦੀ ਸਫ਼ਾਈ, ਨ੍ਹਾਉਣਾ ਜਾਂ ਹਲਕੀ ਕਸਰਤ, ਮਨੁੱਖ ਦੀ ਮਾਨਸਿਕਤਾ ਅਤੇ ਕਾਰਗੁਜ਼ਾਰੀ 'ਤੇ ਸਕਾਰਾਤਮਕ ਅਸਰ ਪਾਉਂਦੀਆਂ ਹਨ।

3. ਦਿਨ ਭਰ ਦੀ ਸੁਰੱਖਿਆ - ਸਵੇਰੇ ਦੰਦਾਂ ਨੂੰ ਸਾਫ਼ ਕਰਨਾ ਮੂੰਹ ਵਿੱਚ ਬੈਕਟੀਰੀਆ ਦੀ ਸੰਖਿਆ ਘਟਾ ਦਿੰਦਾ ਹੈ, ਜਿਸ ਨਾਲ ਖਾਣ-ਪੀਣ ਦੌਰਾਨ ਹੋਣ ਵਾਲੀ ਐਸਿਡ ਬਣਨ ਦੀ ਪ੍ਰਕਿਰਿਆ ਤੋਂ ਕੁਝ ਹੱਦ ਤੱਕ ਬਚਾਅ ਮਿਲਦਾ ਹੈ।

**ਸਵੇਰੇ ਦੰਦ ਸਾਫ਼ ਕਰਨ ਦੇ ਨੁਕਸਾਨ**

1. ਜੇ ਰਾਤ ਨੂੰ ਦੰਦਾਂ ਨੂੰ ਸਾਫ਼ ਨਾ ਕੀਤਾ ਹੋਵੇ - ਸਿਰਫ਼ ਸਵੇਰੇ ਬ੍ਰਸ਼ ਕਰਨ ਨਾਲ ਰਾਤ ਭਰ ਇਕੱਠੇ ਹੋਏ ਖਾਣ ਦੇ ਕਣ ਅਤੇ ਬੈਕਟੀਰੀਆ ਦੰਦਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਨਤੀਜੇ ਵਜੋਂ ਦੰਦਾਂ ਵਿੱਚ ਖੋੜ ,ਦੰਦਾਂ ਦੀਆਂ ਬਿਮਾਰੀਆਂ ਅਤੇ ਬਦਬੂ ਦੀ ਸਮੱਸਿਆ ਵੱਧ ਸਕਦੀ ਹੈ।

2. ਖਾਣ ਤੋਂ ਤੁਰੰਤ ਬਾਅਦ ਦੰਦ ਸਾਫ਼ ਕਰਨ ਦੀ ਗਲਤੀ - ਬਹੁਤ ਸਾਰੇ ਲੋਕ ਸਵੇਰੇ ਨਾਸ਼ਤੇ ਤੋਂ ਤੁਰੰਤ ਬਾਅਦ ਬ੍ਰਸ਼ ਕਰਦੇ ਹਨ। ਜੇ ਨਾਸ਼ਤੇ ਵਿੱਚ ਖੱਟੇ ਪਦਾਰਥ (ਜਿਵੇਂ ਸੰਤਰੇ ਦਾ ਜੂਸ ਜਾਂ ਟਮਾਟਰ) ਹੋਣ ਤਾਂ ਉਸ ਵਿੱਚ ਮੌਜੂਦ ਐਸਿਡ ਇਨਾਮਲ ਨੂੰ ਕਮਜ਼ੋਰ ਕਰ ਦਿੰਦਾ ਹੈ। ਇਸ ਸਮੇਂ ਤੁਰੰਤ ਬ੍ਰਸ਼ ਕਰਨ ਨਾਲ ਦੰਦਾਂ ਦੀ ਪਰਤ ਹੌਲੀ-ਹੌਲੀ ਘਿਸ ਸਕਦੀ ਹੈ।

**ਰਾਤ ਸੌਣ ਤੋਂ ਪਹਿਲਾਂ ਦੰਦ ਸਾਫ਼ ਕਰਨ ਦੇ ਲਾਭ**



1. ਬੈਕਟੀਰੀਆ ਤੋਂ ਲੰਬੇ ਸਮੇਂ ਲਈ ਬਚਾਅ - ਰਾਤ ਦੇ ਸਮੇਂ ਮੂੰਹ ਸੁੱਕਾ ਰਹਿੰਦਾ ਹੈ ਕਿਉਂਕਿ ਲਾਰ ਦੀ ਉਤਪਤੀ ਘੱਟ ਜਾਂਦੀ ਹੈ। ਲਾਰ ਹੀ ਬੈਕਟੀਰੀਆ ਨਾਲ ਲੜਨ ਦਾ ਕੁਦਰਤੀ ਹਥਿਆਰ ਹੈ। ਇਸ ਲਈ ਜੇ ਰਾਤ ਨੂੰ ਦੰਦਾਂ ਨੂੰ ਸਾਫ਼ ਕਰ ਲਿਆ ਜਾਵੇ ਤਾਂ ਬੈਕਟੀਰੀਆ ਨੂੰ ਵੱਧਣ ਦਾ ਮੌਕਾ ਨਹੀਂ ਮਿਲਦਾ।

2. ਦੰਦਾਂ ਦੇ ਖੋੜ ਅਤੇ ਦੰਦਾਂ ਦੀਆਂ ਬਿਮਾਰੀਆਂ ਤੋਂ ਸੁਰੱਖਿਆ - ਵਿਗਿਆਨਕ ਅਧਿਐਨ ਦੱਸਦੇ ਹਨ ਕਿ ਜਿਹੜੇ ਲੋਕ ਰਾਤ ਨੂੰ ਦੰਦਾਂ ਦੀ ਸਫ਼ਾਈ ਨਹੀ ਕਰਦੇ, ਉਨ੍ਹਾਂ ਵਿੱਚ ਕੀੜੇ ਲੱਗਣ ਦੀ ਸੰਭਾਵਨਾ ਦੋ ਗੁਣਾ ਵੱਧ ਹੁੰਦੀ ਹੈ। ਰਾਤ ਨੂੰ ਦੰਦਾਂ ਦੀ ਸਫ਼ਾਈ ਕਰਨ ਨਾਲ ਖਾਣ-ਪੀਣ ਦੇ ਬਚੇ ਹੋਏ ਕਣ ਦੂਰ ਹੋ ਜਾਂਦੇ ਹਨ ਅਤੇ ਦੰਦ ਅਤੇ ਜਬਾੜਾ ਦੋਵੇਂ ਸੁਰੱਖਿਅਤ ਰਹਿੰਦੇ ਹਨ।

3. ਨੀਂਦ ਦੌਰਾਨ ਸਿਹਤ ਦੀ ਰੱਖਿਆ - ਦੰਦਾਂ ਨੂੰ ਸਾਫ਼ ਰੱਖਣ ਨਾਲ ਨੀਂਦ ਵੀ ਸੁਖਦਾਈ ਆਉਂਦੀ ਹੈ। ਜੇ ਮੂੰਹ ਵਿੱਚ ਗੰਧ ਜਾਂ ਚਿਪਚਿਪ-ਾਹਟ ਹੋਵੇ ਤਾਂ ਇਹ ਅਣਜਾਣੇ ਤੌਰ 'ਤੇ ਮਨੁੱਖ ਦੀ ਨੀਂਦ 'ਤੇ ਅਸਰ ਪਾਂਦੀ ਹੈ।

**ਰਾਤ ਸੌਣ ਤੋਂ ਪਹਿਲਾਂ ਦੰਦ ਸਾਫ਼ ਕਰਨ ਦੇ ਨੁਕਸਾਨ**

1. ਆਲਸ ਅਤੇ ਭੁੱਲਣ ਦੀ ਸਮੱਸਿਆ - ਬਹੁਤ ਵਾਰੀ ਲੋਕ ਥਕਾਵਟ ਜਾਂ ਆਲਸ ਕਾਰਨ ਰਾਤ ਨੂੰ ਦੰਦਾਂ ਦੀ ਸਫ਼ਾਈ ਕਰਨ ਦੀ ਆਦਤ ਨੂੰ ਅਮਲੀ ਜਾਮਾ ਨਹੀਂ ਪਹਿਨਾ ਸਕਦੇ। ਇਸ ਕਾਰਨ ਰਾਤ ਸੌਣ ਤੋਂ ਪਹਿਲਾਂ ਦੰਦਾਂ ਦੀ ਸਫ਼ਾਈ ਦਾ ਕਾਰਜ ਛੱਡਿਆ ਜਾਂਦਾ ਹੈ।

2. ਖਾਣ ਤੋਂ ਤੁਰੰਤ ਬਾਅਦ ਦੰਦਾਂ ਦੀ ਸਫ਼ਾਈ ਕਰਨ ਦੀ ਗਲਤੀ - ਜੇ ਕੋਈ ਵਿਅਕਤੀ ਖਾਸ ਤੌਰ 'ਤੇ ਤੇਜ਼ਾਬੀ ਖਾਣਾ (ਜਿਵੇਂ ਸੋਡਾ ਜਾਂ ਖੱਟੇ ਫਲ) ਖਾਣ ਤੋਂ ਤੁਰੰਤ ਬਾਅਦ ਦੰਦਾਂ ਦੀ ਸਫ਼ਾਈ ਕਰ ਲੈਂਦਾ ਹੈ ਤਾਂ ਇਹ ਦੰਦਾਂ ਦੀ ਪਰਤ ਲਈ ਹਾਨੀਕਾਰਕ ਹੋ ਸਕਦਾ ਹੈ। ਦੰਦਾਂ ਦੇ ਮਾਹਿਰ ਖਾਣਾ ਖਾਣ ਤੋਂ ਘੱਟੋ-ਘੱਟ 30 ਮਿੰਟ ਬਾਅਦ ਦੰਦਾਂ ਦੀ ਸਫ਼ਾਈ ਕਰਨ ਦੀ ਸਲਾਹ ਦਿੰਦੇ ਹਨ।

**ਵਿਗਿਆਨਿਕ ਨਜ਼ਰੀਆ**

ਦੰਦਾਂ ਦੇ ਵਿਗਿਆਨੀਆਂ ਅਨੁਸਾਰ ਦਿਨ ਵਿੱਚ ਦੋ ਵਾਰ ਦੰਦਾਂ ਦੀ ਸਫ਼ਾਈ ਕਰਨਾ ਸਭ ਤੋਂ ਵਧੀਆ ਆਦਤ ਹੈ - ਇੱਕ ਵਾਰ ਸਵੇਰੇ ਅਤੇ ਇੱਕ ਵਾਰ ਰਾਤ ਸੌਣ ਤੋਂ ਪਹਿਲਾਂ। ਰਾਤ ਨੂੰ ਦੰਦਾਂ ਦੀ ਸਫ਼ਾਈ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਇਸ ਨਾਲ ਦੰਦ ਸਾਰੀ ਰਾਤ ਬੈਕਟੀਰੀਆ ਦੇ ਹਮਲੇ ਤੋਂ ਬਚੇ ਰਹਿੰਦੇ ਹਨ। ਇਸਦੇ ਨਾਲ ਨਾਲ, ਫਲਾਸਿੰਗ ਅਤੇ ਮਾਊਥਵਾਸ਼ ਦੀ ਵਰਤੋਂ ਵੀ ਜ਼ਰੂਰੀ ਮੰਨੀ ਜਾਂਦੀ ਹੈ ਕਿਉਂਕਿ ਬ੍ਰਸ਼ ਹਮੇਸ਼ਾਂ ਹਰ ਕੋਨੇ ਤੱਕ ਨਹੀਂ ਪਹੁੰਚ ਸਕਦਾ।

**ਸਮਾਜਿਕ ਤੇ ਮਨੋਵਿਗਿਆਨਿਕ ਪੱਖ**

ਸਫਾਈ ਸਿਰਫ਼ ਵਿਅਕਤੀਗਤ ਸਿਹਤ ਨਾਲ ਹੀ ਨਹੀਂ ਜੁੜੀ, ਸਗੋਂ ਸਮਾਜਕ ਪ੍ਰਭਾਵ ਵੀ ਪੈਂਦੇ ਹਨ। ਜੇ ਕਿਸੇ ਵਿਅਕਤੀ ਦੇ ਮੂੰਹ ਵਿੱਚ ਬਦਬੂ ਹੋਵੇ ਤਾਂ ਉਸ ਦੀ ਸਮਾਜਿਕ ਛਵੀ ਖਰਾਬ ਹੋ ਸਕਦੀ ਹੈ। ਇਸੇ ਤਰ੍ਹਾਂ ਬੱਚਿਆਂ ਵਿੱਚ ਛੋਟੀ ਉਮਰ ਤੋਂ ਹੀ ਸਹੀ ਆਦਤ ਪਾਉਣਾ ਬਹੁਤ ਜ਼ਰੂਰੀ ਹੈ। ਮਾਪੇ ਜੇ ਬੱਚਿਆਂ ਨੂੰ ਸਵੇਰੇ ਅਤੇ ਰਾਤ ਦੰਦਾਂ ਦੀ ਸਫ਼ਾਈ ਕਰਨ ਦੀ ਆਦਤ ਪਾਉਣ ਤਾਂ ਭਵਿੱਖ ਵਿੱਚ ਦੰਦਾਂ ਦੀਆਂ ਬਿਮਾਰੀਆਂ ਘੱਟ ਹੋ ਸਕਦੀਆਂ ਹਨ।

ਸਵੇਰੇ ਅਤੇ ਰਾਤ ਦੋਵੇਂ ਸਮਿਆਂ ਦੰਦਾਂ ਦੀ ਸਫ਼ਾਈ ਕਰਨ ਦੇ ਆਪਣੇ ਫਾਇਦੇ ਹਨ, ਪਰ ਜੇ ਕੋਈ ਵਿਅਕਤੀ ਇੱਕ ਹੀ ਸਮਾਂ ਚੁਣੇ ਤਾਂ ਦੰਦਾਂ ਦੇ ਮਾਹਿਰਾਂ ਦੀ ਰਾਏ ਵਿੱਚ ਰਾਤ ਨੂੰ ਦੰਦਾਂ ਦੀ ਸਫ਼ਾਈ ਸਭ ਤੋਂ ਜ਼ਰੂਰੀ ਹੈ। ਇਹ ਦੰਦਾਂ ਨੂੰ ਲੰਬੇ ਸਮੇਂ ਲਈ ਸੁਰੱਖਿਅਤ ਰੱਖਦੀ ਹੈ ਅਤੇ ਦੰਦਾਂ ਦੀਆਂ ਬੀਮਾਰੀਆਂ ਤੋਂ ਬਚਾਉਂਦੀ ਹੈ। ਪਰ ਆਦਰਸ਼ ਤਰੀਕਾ ਇਹੀ ਹੈ ਕਿ ਦਿਨ ਵਿੱਚ ਦੋ ਵਾਰ ਦੰਦਾਂ ਨੂੰ ਸਾਫ਼ ਕੀਤਾ ਜਾਵੇ - ਸਵੇਰੇ ਤਾਜ਼ਗੀ ਅਤੇ ਦਿਨ ਦੀ ਤਿਆਰੀ ਲਈ, ਅਤੇ ਰਾਤ ਸੌਣ ਤੋਂ ਪਹਿਲਾਂ ਦੰਦਾਂ ਦੀ ਸੁਰੱਖਿਆ ਲਈ।

ਦੰਦਾਂ ਦੀ ਸਿਹਤ ਮਨੁੱਖੀ ਸਰੀਰਕ ਸਿਹਤ ਨਾਲ ਸਿੱਧਾ ਸੰਬੰਧ ਰੱਖਦੀ ਹੈ। ਇੱਕ ਛੋਟੀ ਜਿਹੀ ਆਦਤ ਸਵੇਰੇ ਅਤੇ ਰਾਤ ਦੰਦਾਂ ਦੀ ਸਫ਼ਾਈ ਕਰਨ ਦੀ ਮਨੁੱਖੀ ਸਿਹਤ ਲਈ ਵੱਡਾ ਹਿੱਸਾ ਪਾ ਸਕਦੀ ਹੈ। ਇਸ ਲਈ, ਸਿਰਫ਼ "ਕਦੋਂ" ਨਹੀਂ, ਸਗੋਂ "ਕਿੰਨੀ ਵਾਰ" ਅਤੇ "ਕਿਵੇਂ" ਦੰਦਾਂ ਨੂੰ ਸਾਫ਼ ਕਰਨਾ ਹੈ ਇਹ ਜਾਣਨਾ ਹਰ ਵਿਅਕਤੀ ਲਈ ਬਰਾਬਰ ਮਹੱਤਵਪੂਰਨ ਹੈ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**

# ਸਲਾਮ ਹੈ!!


ਸਾਕਸ਼ੀ ਸਾਹਨੀ ਇਕ ਨਾਂ ਹੀ ਨਹੀਂ,
ਉਮੀਦ ਦਾ ਚਿਰਾਗ ਬਣੀ।
ਹੜ੍ਹਾਂ ਦੇ ਪਾਣੀ ਵਿਚ ਲੋਕਾਂ ਲਈ,
ਮਦਦ ਦੀ ਉਹ ਮਿਸਾਲ ਬਣੀ।
ਕਲੈਕਟਰ ਸੀ ਪਰ ਦਿਲ ਲੋਕਾਂ ਨਾਲ,
ਹਰ ਪੀੜ ਵਿਚ ਸਾਥੀ ਬਣੀ।
ਜਾਨ ਦੀ ਪਰਵਾਹ ਬਿਨ੍ਹਾਂ ਕਰਕੇ,
ਫਰਜ਼ ਦੀ ਉਹ ਰਾਹੀ ਬਣੀ।
ਹੰਝੂਆਂ ਵਿਚ ਹੌਂਸਲਾ ਦੇ ਗਈ,
ਦੁੱਖਾਂ ਵਿਚ ਵੀ ਰਾਹ ਸੁਝਾ ਗਈ।
ਹਨ੍ਹੇਰਿਆਂ ਵਿਚ ਜੋਤ ਜਗਾ ਕੇ,
ਇਨਸਾਨੀਅਤ ਦਾ ਪਾਠ ਪੜਾ ਗਈ।

ਸਾਕਸ਼ੀ ਉਹ ਸਾਕਸ਼ੀ ਰਹੇਗੀ,
ਜੋ ਆਪਣਾ ਫ਼ਰਜ਼ ਨਿਭਾ ਰਹੀ ।
ਪੰਜਾਬ ਦੇ ਹਰ ਇਕ ਦਿਲ ਵਿਚ,
ਉਹ ਨਵੀਂ ਉਮੀਦ ਜਗਾ ਗਈ।

**ਮੰਜੂ ਰਾਇਕਾ**






Namo Buddhaye
Jai Bheem
DHAMMA WAVES
Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com
Follow Us : www.Dhammawaves.com
Dhammawaves
E-mail : dhammawaves.info@gmail.com
Venerable Bhikkhu Dhammatap
Dhamma Desna By : Venerable Bhikkhu Dhammatap
Topic:"Over Anger,fear,and Anxiety through
Dhamma especially useful for Today's World,
“धम्म के माध्यम से क्रोध, भय और चिंता पर विजय पाना” –
आज की दुनिया के लिए विशेष रूप से उपयोगी।
Topic: Update
On Buddh
Gaya Mukti
Andolan
Mashal Yatra
बुद्ध गया मुक्ति
आंदोलन मशाल यात्रा
पर अपडेट
Sunday
Sept.07th,25
at 8 Pm
Indian Time
Live on
Facebook
Guest Speaker: Advocate Mr.
Harbhajan Sampla ( Punjab)

# ਖ਼ੂਬਸੂਰਤ ਸੋਚ



ਨਕਾਰਾ ਸੋਚ ਨੂੰ ਕੋਈ ਦਵਾਈ ਨ੍ਹੀਂ ਲੱਗਦੀ,ਜੇ ਦਿੱਤੀ ਵੀ ਜਾਵੇ ਤਾਂ ਜ਼ਹਿਰਾਬਾਦ ਹੋ ਜਾਂਦਾ ਹੈ। ਖ਼ੂਬਸੂਰਤ ਸੋਚ ਵਾਲੇ ਲੋਕ ਹੀ ਅਗਾਂਹ ਵਧੂ ਹੁੰਦੇ ਹਨ। ਜ਼ਿੰਦਗੀ ਜਿਊਣ ਦੀ ਕਲਾ ਦਾ ਨਾਂ ਹੀ ਖ਼ੂਬਸੂਰਤੀ ਹੁੰਦਾ ਹੈ। ਨਕਾਰਾਤਮਕ ਸੋਚ ਵਾਲੇ ਨਸ਼ਿਆਂ ਵੱਲ ਬਹੁਤ ਛੇਤੀ ਰੁਚਿਤ ਹੁੰਦੇ ਹਨ। ਉਹ ਜ਼ਿੰਦਗੀ ਚ ਅੱਗੇ ਨ੍ਹੀਂ ਵਧ ਸਕਦੇ। ਨਸ਼ਾ ਸਰੀਰ ਨੂੰ ਖੋਖਲਾ ਕਰ ਦਿੰਦਾ ਹੈ,ਜਿਵੇਂ ਘੁਣ ਲੱਕੜ ਨੂੰ ਖਾ ਜਾਂਦਾ ਹੈ। ਪੈਸੇ ਦਾ ਲਾਲਚ, ਨਸ਼ਿਆਂ ਦੇ ਵਪਾਰ ਵੱਲ, ਆਕਰਸ਼ਿਤ ਹੁੰਦਾ ਹੁੰਦਾ ਬੰਦਾ, ਖੁਦ ਵੀ ਹੌਲੀ ਹੌਲੀ ਨਸ਼ੇ ਦਾ ਸੇਵਨ ਕਰਨ ਲੱਗਦਾ ਹੈ, ਫਿਰ ਉਹੋ ਜਿਹੇ ਹੀ ਬੇਲੀ ਮਿੱਤਰ ਬਣ ਜਾਂਦੇ ਹਨ। ਬੁਰੀ ਸੰਗਤ ਵਿੱਚ ਪੈ ਕੇ ਨਸ਼ਿਆਂ ਦੀ ਦਲਦਲ ਵਿੱਚ ਧੱਸ ਜਾਂਦਾ ਹੈ। ਮੁੱਢ ਵਿੱਚ ਤਾਂ ਦਾਰੂ,ਤੰਬਾਕੂ,ਅਫੀਮ ਨਸਵਾਰ, ਭੁੱਕੀ ਆਦਿ ਨਸ਼ੇ ਹੁੰਦੇ ਸਨ। ਹੁਣ ਤਾਂ ਸਮੈਕ, ਚਿੱਟਾ, ਜ਼ਰਦਾ ਅਤੇ ਹੋਰ ਨਾਮਾਲੂਮ ਨਸ਼ਿਆਂ ਦੇ ਸੇਵਨ ਵਿੱਚ ਜ਼ਿੰਦਗੀ ਦਾ ਸਫਰ ਅਧਵਾਟੇ ਖਤਮ ਕਰ ਲੈਂਦੇ ਹਨ।

ਖ਼ੂਬਸੂਰਤੀ ਰੰਗ, ਜਾਤ, ਧਰਮ ਤੋਂ ਹਟ ਕੇ ਗੁਣਾਂ ਤੇ ਸੇਵਾ ਭਾਵ ਦੇ ਸੁਮੇਲ ਤੇ ਆਧਾਰਤ ਹੁੰਦੀ ਹੈ। ਖੁੱਲ-ਦਿਲੀ ਅਤੇ ਹੱਸਮੁਖ ਹੋਣਾ, ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦੀਆਂ ਹਨ। ਤੰਗ ਨਜ਼ਰੀਆ, ਢਹਿੰਦੀਆਂ ਕਲਾਂ ਵਿੱਚ ਜਾਣ ਦੀ ਪਹਿਲੀ ਪੌੜੀ ਹੁੰਦੀਆਂ ਹਨ। ਜਿੰਦਗੀ ਖੁੱਲ ਕੇ ਜੀਓ। ਹੱਸਦਿਆਂ ਦੇ ਘਰ ਵੱਸਦੇ। ਗਿਆਨੀ, ਵਿਦ-ਵਾਨ ਬੰਦੇ ਕਈ ਵਾਰ ਅੰਤਰ ਧਿਆਨ ਹੋ ਕੇ ਆਪਣੀ ਖੋਜ ਦੇ ਸੰਦਰਭ ਵਿੱਚ ਮਨ ਵਿੱਚ ਵਿਚਾਰਾਂ ਕਰਦੇ ਗਮਗੀਨ ਜ਼ਰੂਰ ਲੱਗਦੇ ਹਨ, ਪਰ ਉਹ ਇੱਛਤ-ਫਲ ਪ੍ਰਾਪਤ ਹੋਣ ਤੇ ਫੁੱਲੇ ਨਹੀਂ ਸਮਾਉਂਦੇ। ਆਪਣੀਆਂ ਖੁਸ਼ੀਆਂ ਸਭ ਨਾਲ ਸਾਂਝੀਆਂ ਕਰਦੇ ਹਨ। "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ"ਦੇ ਮਹਾਂਵਾਕ ਅਨੁਸਾਰ, ਨਿੰਵਕੇ, ਪਰਮਾਤਮਾ ਦਾ ਨਾਂ ਜਪਦੇ ਹੋਏ, ਖ਼ੂਬਸੂਰਤੀ ਵਾਲੇ ਸਾਰੇ ਗੁਣ, ਪ੍ਰਾਪਤ ਹੋ ਜਾਂਦੇ ਹਨ। ਮਿੱਠੇ ਬੋਲ ਸਭ ਦਾ ਮਨ ਮੋਹ ਲੈਂਦੇ ਹਨ। ਰੱਬ ਅੱਗੇ ਅਰਦਾਸ ਕਰਿਆ ਕਰੋ, ਮਨ ਚੰਗੇ ਪਾਸੇ ਲਾਵੇ। ਸੱਚੇ ਮਨੋ ਕੀਤੀ ਪ੍ਰਾਰਥਨਾ ਜਰੂਰ ਪ੍ਰਵਾਨ ਹੁੰਦੀ ਹੈ। ਪਤੀ-ਪਤਨੀ ਦੇ ਸੁਭਾਓ, ਰੱਬ ਨੇ ਵੱਖਰੇ ਵੱਖਰੇ ਬਣਾਏ ਹਨ। ਤਾਂ ਕਿ ਦੋਵੇਂ ਇੱਕ ਦੂਸਰੇ ਦੀਆਂ ਕਮੀਆਂ ਨੂੰ ਲੱਭਕੇ, ਦੂਰ ਕਰਕੇ, ਜੀਵਨ ਸਫਲ ਬਣਾਉਣ। ਸੁਲਝੇ ਹੋਏ ਮਰਦ-ਔਰਤ, ਇਸ ਪਵਿੱਤਰ ਰਿਸ਼ਤੇ ਨੂੰ, ਨਿਭਾਉਣ ਦੀ ਖਾਤਰ, ਆਪਸੀ ਸਮਝ, ਪੈਦਾ ਕਰਦੇ ਹਨ। ਇਹ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੋ। ਖ਼ੂਬਸੂਰਤੀ ਦਾ ਮਾਹੌਲ, ਆਪਸ ਦੀ ਸਮਝਦਾਰੀ ਹੈ।"ਨਾਮ ਖੁਮਾਰੀ ਨਾਨਕਾ, ਚੜੀ ਰਹੇ ਦਿਨ ਰਾਤ"। ਸਭ ਲਈ ਸ਼ੁਭਕਾਮਨਾਵਾਂ ਸਹਿਤ !



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ।**
**ਫੋਨ ਨੰਬਰ: 9878469639**



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com